# ਪ੍ਰਾਸਪੈਕਟਸ 2024-25



# ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ

**Tel. & Fax. 01652-232074** **email: nmgcmansa786@gmail.com**

# ਤਤਕਰਾ


| | ਪੰਨਾ ਨੰ: |
|---|---|
| 1) ਕਾਲਜ ਬਾਰੇ ਸੰਖੇਪ ਜਾਣਕਾਰੀ | 01 |
| 2) ਸੰਦੇਸ਼ | 02 |
| 3) ਕਾਲਜ ਦੇ ਕਲੱਬਾਂ/ਐਸੋਸੀਏਸ਼ਨਾਂ/ਸੈਲਾਂ ਬਾਰੇ ਜਾਣਕਾਰੀ | 03 |
| 4) ਹਾਜ਼ਰੀਆਂ ਅਤੇ ਛੁੱਟੀਆਂ ਸਬੰਧੀ ਨਿਯਮ | 06 |
| 5) ਕਾਲਜ ਲਾਇਬ੍ਰੇਰੀ ਅਤੇ ਮੈਗਜ਼ੀਨ | 08 |
| 6) ਅਧਿਆਪਨ ਅਮਲਾ ਅਤੇ ਪੜ੍ਹਾਏ ਜਾਣ ਵਾਲੇ ਕੋਰਸ | 11 |
| 7) ਦਾਖਲੇ ਸਬੰਧੀ ਸਾਂਝੇ ਨਿਯਮ | 14 |
| 8) ਦਾਖਲੇ ਸਬੰਧੀ ਰਾਖਵੀਆਂ ਸੀਟਾਂ ਦਾ ਵੇਰਵਾ | 23 |
| 9) ਕਾਲਜ ਕੈਲੰਡਰ | 26 |
| 10) ਯੂਨੀਵਰਸਿਟੀ ਸ਼ਡਿਊਲ | 28 |
| 11) ਫੀਸਾਂ ਦਾ ਵੇਰਵਾ | 30 |


NEHRU MEMORIAL GOVT. COLLEGE ASPIRE & ACHIEVE MANSA

**HISTORY**

It was to realize India's first Prime Minister Pandit Jawaharlal Nehru's dream of an educationally rich and vibrant India that Advocate, Late Sh. Des Raj, former Health Minister, Punjab and Member, Punjab Public Service Commission, and some of his friends established this institution of higher learning in 1965 in Pandit Nehru's memory.

Babu Des Raj was a visionary, fired with missionary zeal to dispel the darkness of ignorance by spreading the light of knowledge. His untiring efforts and those of his friends, who shared his ideas and his concern for the people of this predominantly rural area, bore fruit in the form of this College.

The foundation stone of the College building was laid by Late Comrade Ram Kishen, the then Chief Minister of Punjab, on 18th August 1965. The old building had a small administrative block, three laboratories, and five classrooms; out of these five, one was used as a library also.

Mansa, then a Tehsil of Bathinda, was educationally one of the most impoverished areas of the Malwa region of Punjab. Under the able guidance of founder President of the College Managing Committee, Babu Des Raj, and a very competent leadership provided by Sh. B. P. Mohan, the founder Principal of the College, Nehru Memorial College happened to be the first co-educational College which catered to the educational needs of the area for about three decades before being taken over by the Govt. of Punjab on March 18, 1994. It was then rechristened as Nehru Memorial Government College. The taking over of the College by the Punjab Govt. was a significant moment for the College in many ways.

Late Sardar Beant Singh, the then Chief Minister of Punjab, who was largely instrumental in the Punjab Govt. taking over the College, graced the College with his presence at a function marking the inauguration of the College as Govt. College on 21st March, 1994. Sensing the growing needs of the College, liberal grants were sanctioned by the Punjab Govt. from time to time. Sardar Parkash Singh Badal, the then Chief Minister of Punjab, laid the foundation stone of the new (present) building on 7th August, 1997.



**<u>ਸੰਦੇਸ਼</u>**

ਪਿਆਰੇ ਵਿਦਿਆਰਥੀਓ!

ਯੁਵਾ ਸ਼ਕਤੀ ਕਿਸੇ ਵੀ ਕੌਮ ਦੀ ਸਭ ਤੋਂ ਵੱਡੀ ਤਾਕਤ ਹੁੰਦੀ ਹੈ। ਨੌਜਵਾਨ ਵਰਗ ਦੇਸ਼ ਦੇ ਵਿਕਾਸ ਦੀ ਨੀਂਹ ਹੁੰਦਾ ਹੈ। ਜਿਹੜੇ ਨੌਜਵਾਨਾਂ ਦੇ ਦਿਲਾਂ 'ਚ ਅੱਗੇ ਵਧਣ ਦੀ ਤਾਂਘ, ਅੱਖਾਂ 'ਚ ਸੁਨਹਿਰੀ ਭਵਿੱਖ ਦੇ ਸੁਪਨੇ, ਮਨ 'ਚ ਇਕਾਗਰਤਾ, ਸੋਚ 'ਚ ਪ੍ਰਗਤੀਸ਼ੀਲਤਾ, ਵਿਚਾਰਾਂ 'ਚ ਨਿਵੇਕਲਾਪਣ, ਸਰੀਰ 'ਚ ਤਾਕਤ, ਹਿੰਮਤ ਅਤੇ ਫੁਰਤੀਲਾਪਣ ਹੋਵੇ, ਉਹ ਨੌਜਵਾਨ ਹੀ ਇੱਕ ਸੁਚੱਜਾ, ਨਰੋਆ, ਨਿੱਖਰਿਆ ਅਤੇ ਸਿਹਤਮੰਦ ਸਮਾਜ ਸਿਰਜ ਸਕਦੇ ਹਨ ਪਰ ਇਹ ਸਭ ਤਾਂ ਹੀ ਸੰਭਵ ਹੈ ਜੇਕਰ ਨੌਜਵਾਨਾਂ ਦੀਆਂ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ ਬਿਰਤੀਆਂ ਨੂੰ ਸਹੀ ਦਿਸ਼ਾ ਪ੍ਰਦਾਨ ਕੀਤੀ ਜਾਵੇ। ਇਹ ਸਹੀ ਦਿਸ਼ਾ ਵਿਦਿਆ ਰਾਹੀਂ ਹੀ ਸੰਭਵ ਹੈ ਜਿਸ ਵਿੱਚ ਚੰਗੇ ਵਿੱਦਿਅਕ ਅਦਾਰਿਆਂ ਦੀ ਅਹਿਮ ਭੂਮਿਕਾ ਹੈ।

ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਜ਼ਿਲ੍ਹੇ ਦੀ ਅਜਿਹੀ ਹੀ ਇੱਕ ਸਿਰਮੌਰ ਵਿੱਦਿਅਕ ਸੰਸਥਾ ਹੈ, ਜੋ ਲੰਮੇ ਸਮੇਂ ਤੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਰਹੀ ਹੈ। ਇਸ ਸੰਸਥਾ ਨੇ ਉਚ ਕੋਟੀ ਦੇ ਪ੍ਰੋਫੈਸਰ, ਪੱਤਰਕਾਰ, ਅਧਿਆਪਕ, ਡਾਕਟਰ, ਵਕੀਲ, ਖਿਡਾਰੀ, ਕਲਾਕਾਰ, ਨੇਤਾ ਅਤੇ ਸਮਾਜ-ਸੇਵੀ, ਸਮਾਜ ਦੀ ਝੋਲੀ ਪਾਏ ਹਨ। ਇਹਨਾਂ ਵੱਖ-ਵੱਖ ਪਦਵੀਆਂ 'ਤੇ ਸੁਸ਼ੋਭਿਤ ਵਿਦਿਆਰਥੀਆਂ ਨੇ ਜਿੱਥੇ ਸੰਸਥਾ ਦਾ ਨਾਂ ਰੋਸ਼ਨ ਕੀਤਾ ਹੈ, ਉਥੇ ਇਹ ਵਿਦਿਆਰਥੀ ਆਪਣੀਆਂ ਅਗਲੀਆਂ ਪੀੜ੍ਹੀਆਂ ਅਤੇ ਨਵੇਂ ਵਿਦਿਆਰਥੀਆਂ ਲਈ ਚੰਗੇ ਮਾਰਗ ਦਰਸ਼ਕ ਅਤੇ ਆਦਰਸ਼ ਬਣੇ ਹੋਏ ਹਨ।

ਇਹ ਆਧੁਨਿਕ ਕਾਲਜ ਅੱਜ ਦੇ ਤੇਜ਼ ਰਫ਼ਤਾਰ ਅਤੇ ਕਠਿਨ ਮੁਕਾਬਲੇ ਦੇ ਦੌਰ 'ਚ ਵਿਦਿਆਰਥੀਆਂ ਨੂੰ ਆਤਮ-ਨਿਰਭਰ, ਕਾਬਿਲ ਅਤੇ ਯੋਗ ਬਣਾਉਣ ਲਈ ਅਤੇ ਉਹਨਾਂ ਦੇ ਸਰਵਪੱਖੀ ਵਿਕਾਸ ਲਈ ਵੱਖ-ਵੱਖ ਵਿਸ਼ਿਆਂ ਦੀ ਸਿੱਖਿਆ, ਖੇਡਾਂ, ਸਭਿਆਚਾਰਕ ਅਤੇ ਸਾਹਿਤਕ ਗਤੀ-ਵਿਧੀਆਂ, ਐਨ.ਐਸ.ਐਸ. ਯੁਵਕ ਭਲਾਈ ਗਤੀ-ਵਿਧੀਆਂ, ਲੀਗਲ ਲਿਟਰੇਸੀ, ਰੈਡ ਕਰਾਸ, ਕੈਰੀਅਰ ਗਾਈਡੈਂਸ, ਕੰਪਿਊਟਰ ਸਿੱਖਿਆ ਅਤੇ ਅਨੇਕਾਂ ਹੋਰ ਉਸਾਰੂ ਸਰਗਰਮੀਆਂ ਦਾ ਪਲੇਟਫਾਰਮ ਪ੍ਰਦਾਨ ਕਰ ਰਿਹਾ ਹੈ। ਆਪਣੇ ਭਵਿੱਖ ਪ੍ਰਤੀ ਸੁਚੇਤ, ਈਮਾਨਦਾਰ, ਮਿਹਨਤੀ ਤੇ ਲਗਨ ਵਾਲੇ ਵਿਦਿਆਰਥੀ ਸਮਾਜ 'ਚ ਅਹਿਮ ਸਥਾਨ ਅਤੇ ਪਹਿਚਾਣ ਬਣਾ ਲੈਂਦੇ ਹਨ ਅਤੇ ਸਫਲਤਾ ਦੇ ਸਿਖਰ ਤੱਕ ਉਡਾਰੀਆਂ ਲਾਉਂਦੇ ਹਨ।

ਮੈਨੂੰ ਪੂਰੀ ਉਮੀਦ ਹੈ ਕਿ ਇਸ ਕਾਲਜ ਦੇ ਵਿਦਿਆਰਥੀ ਕਾਲਜ ਦੇ ਨਿਯਮਾਂ ਦਾ ਪਾਲਣ ਕਰਦੇ ਹੋਏ ਅਨੁਸ਼ਾਸਨ ਵਿੱਚ ਰਹਿ ਕੇ ਆਪਣੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ ਅਤੇ ਕਾਲਜ ਦਾ ਨਾਂ ਰੋਸ਼ਨ ਕਰਨਗੇ। ਮੈਂ ਵਿਦਿਆਰਥੀਆਂ ਦੀ ਸਫਲਤਾ ਅਤੇ ਸੁਨਹਿਰੀ ਭਵਿੱਖ ਲਈ ਦੁਆ ਕਰਦੀ ਹਾਂ।

ਸ਼ੁਭ ਇੱਛਾਵਾਂ ਸਹਿਤ,

ਡਾ. ਜਯੋਤਸਨਾ

ਪ੍ਰਿੰਸੀਪਲ

## **ਕਾਲਜ ਵਿੱਚ ਕਲੱਬਾਂ/ਐਸੋਸੀਏਸ਼ਨਾਂ/ਸੈੱਲਾਂ ਦੀ ਜਾਣਕਾਰੀ**

### ਕਾਲਜ ਵਿੱਚ ਖੇਡ-ਸਹੂਲਤਾਂ ਬਾਰੇ

ਕਾਲਜ ਵਿੱਚ ਐਥਲੈਟਿਕਸ ਅਤੇ ਖੇਡਾਂ ਦਾ ਸੁਚੱਜਾ ਪ੍ਰਬੰਧ ਹੈ ਜਿਵੇਂ ਕਿ ਹਾਕੀ, ਫੁੱਟਬਾਲ, ਕ੍ਰਿਕਟ, ਬਾਲੀਬਾਲ, ਬਾਸਕਟਬਾਲ, ਕਬੱਡੀ, ਬੈਡਮਿੰਟਨ, ਟੇਬਲ-ਟੈਨਿਸ, ਵੇਟਲਿਫ਼ਟਿੰਗ, ਬਾਕਸਿੰਗ, ਬਾਡੀ-ਬਿਲਡਿੰਗ ਆਦਿ। ਹਰੇਕ ਵਿਦਿਆਰਥੀ ਨੂੰ ਕਿਸੇ ਨਾ ਕਿਸੇ ਖੇਡ (ਵਿਸ਼ੇਸ਼ ਤੌਰ 'ਤੇ ਸਾਲਾਨਾ ਐਥਲੈਟਿਕ ਮੀਟ) ਵਿੱਚ ਭਾਗ ਲੈਣਾ ਚਾਹੀਦਾ ਹੈ। ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਸਪੋਰਟਸ ਸੋਸਾਇਟੀ ਕਾਇਮ ਕੀਤੀ ਗਈ ਹੈ ਅਤੇ ਵੱਖ-ਵੱਖ ਖੇਡਾਂ ਦੇ ਗਠਨ ਲਈ ਵੱਖ-ਵੱਖ ਕਲੱਬ ਸਥਾਪਿਤ ਕੀਤੇ ਗਏ ਹਨ। ਖੇਡਾਂ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ (ਯੋਗਤਾ ਪ੍ਰਮਾਣ-ਪੱਤਰ) ਅਤੇ ਪੁਰਸਕਾਰ, ਰੋਲ ਆਫ ਆਨਰ ਜਾਂ ਕਾਲਜ ਕਲਰ ਨਾਲ ਸਨਮਾਨਿਆ ਜਾਂਦਾ ਹੈ। ਵਿਦਿਆਰਥੀਆਂ ਦੇ ਅਕਾਦਮਿਕ ਵਿਕਾਸ ਦੇ ਨਾਲ-ਨਾਲ ਸਰੀਰਕ ਵਿਕਾਸ ਲਈ ਅਤਿ ਆਧੁਨਿਕ ਫਿਟਨੈਂਸ ਸੈਂਟਰ ਖੋਲਿਆ ਹੋਇਆ ਹੈ ਜਿੱਥੇ ਵਿਦਿਆਰਥੀ ਅਭਿਆਸ ਕਰਕੇ ਆਪਣੀ ਸਿਹਤ ਸੰਭਾਲ ਕਰਦੇ ਹਨ। ਕਾਲਜ ਕੈਂਪਸ ਵਿੱਚ ਮਾਡਰਨ ਸਹੂਲਤਾਂ ਵਾਲਾ ਖੇਡ ਸਟੇਡੀਅਮ ਅਤੇ ਜਿਮਨੇਜ਼ੀਅਮ ਹਾਲ ਮੌਜੂਦ ਹੈ। ਖਿਡਾਰੀਆਂ ਦਾ ਉਤਸ਼ਾਹ ਵਧਾਉਣ ਖਾਤਿਰ ਵਿਦਿਆਰਥੀਆਂ ਨੂੰ ਵੱਖ-ਵੱਖ ਗਰੁੱਪਾਂ ਵਿੱਚ ਵੰਡ ਕੇ ਖੇਡ ਮੁਕਾਬਲੇ ਕਰਾਉਣ ਅਤੇ ਅੰਤਰ-ਸ੍ਰੇਣੀ ਖੇਡ ਪ੍ਰਤੀਯੋਗਤਾਵਾਂ ਕਰਾਉਣ ਦਾ ਸੁਚੱਜਾ ਪ੍ਰਬੰਧ ਹੈ। ਵਿੱਦਿਅਕ ਸੈਸ਼ਨ ਦੀ ਸਮਾਪਤੀ ਵੇਲੇ ਐਥਲੈਟਿਕ ਮੀਟ ਦਾ ਆਯੋਜਨ ਕੀਤਾ ਜਾਂਦਾ ਹੈ। ਪਹਿਲੀ, ਦੂਸਰੀ ਅਤੇ ਤੀਸਰੀ ਪੁਜ਼ੀਸ਼ਨ ਲੈਣ ਵਾਲੇ ਖਿਡਾਰੀਆਂ ਨੂੰ ਇਨਾਮ ਅਤੇ ਸਰਟੀਫ਼ਿਕੇਟ ਪ੍ਰਦਾਨ ਕੀਤੇ ਜਾਂਦੇ ਹਨ। ਸਰੀਰਕ ਸਿੱਖਿਆ ਦਾ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਲਈ ਐਥਲੈਟਿਕਸ ਦੀਆਂ ਘੱਟੋ-ਘੱਟ ਦੋ ਈਵੈਂਟਸ ਵਿੱਚ ਭਾਗ ਲੈਣਾ ਅਤੇ ਉੱਪਰ ਲਿਖੀਆਂ ਖੇਡਾਂ ਵਿਚ ਘੱਟੋ-ਘੱਟ ਇੱਕ ਖੇਡ ਵਿੱਚ ਹਿੱਸਾ ਲੈਣਾ ਜ਼ਰੂਰੀ ਹੈ।

### ਕਾਲਜ ਵਿੱਚ ਕਲੱਬਾਂ/ਐਸੋਸੀਏਸ਼ਨਾਂ/ਸੈਲਾਂ ਦੀ ਜਾਣਕਾਰੀ

1) ਪੰਜਾਬੀ/ਇੰਗਲਿਸ਼/ਹਿੰਦੀ ਲਿਟਰੇਰੀ ਸੁਸਾਇਟੀ
2) ਪਲਾਨਿੰਗ ਫੋਰਮ
3) ਪਲੇਸਮੈਂਟ ਸੈੱਲ
4) ਲੀਗਲ ਲਿਟਰੇਸੀ ਸੈੱਲ
5) ਕੈਰੀਅਰ ਗਾਈਡੈਂਸ ਸੈੱਲ
6) ਸਭਿਆਚਾਰਕ ਸੋਸਾਇਟੀ
7) ਰੈੱਡ ਕਰਾਸ ਸੁਸਾਇਟੀ
8) ਇਨਵਾਇਰਨਮੈਂਟ ਸੁਸਾਇਟੀ
9) ਏਡਜ਼ ਕੰਟਰੋਲ/ਐਂਟੀ-ਡਰੱਗ/ਰੋਡ ਸੇਫ਼ਟੀ ਕਲੱਬ
13) ਮਿਊਜ਼ਿਕ ਕਲੱਬ
10) ਯੁਵਕ ਭਲਾਈ ਕਲੱਬ
14) ਥੀਏਟਰ ਕਲੱਬ
11) ਈ.ਐਲ.ਸੀ ਕਲੱਬ
15) ਸਪੋਰਟਸ ਕਲੱਬ
12) ਐਚ.ਈ.ਆਈ.ਐਸ. ਸੁਸਾਇਟੀ

ਇਨ੍ਹਾਂ ਰਾਹੀਂ ਵੱਖ-ਵੱਖ ਥਾਵਾਂ ਤੇ ਵਿੱਦਿਅਕ-ਟੂਰ, ਕੁਇਜ਼-ਮੁਕਾਬਲੇ, ਭਾਸ਼ਣ ਪ੍ਰਤੀਯੋਗਤਾਵਾਂ, ਕਵਿਤਾ-ਪਾਠ ਮੁਕਾਬਲੇ, ਐਕਸਟੈਨਸ਼ਨ ਲੈਕਚਰਜ ਅਤੇ ਹੋਰ ਗਿਆਨ ਵਧਾਊ ਪ੍ਰੋਗਰਾਮ ਕਰਵਾਏ ਜਾਂਦੇ ਹਨ।

## ਪੀ.ਟੀ.ਏ (ਅਧਿਆਪਕ-ਮਾਪੇ ਐਸੋਸੀਏਸ਼ਨ)

ਕਾਲਜ ਵਿੱਚ ਅਧਿਆਪਕ ਮਾਪੇ ਸਭਾ ਦੀ ਮੀਟਿੰਗ ਸੈਸ਼ਨ ਦੇ ਆਰੰਭ ਵਿੱਚ ਰੱਖੀ ਜਾਂਦੀ ਹੈ। ਜਿਸ ਵਿੱਚ ਪੀ.ਟੀ.ਏ. ਕਾਰਜਕਾਰਨੀ ਸਭਾ ਦੀ ਚੋਣ ਕੀਤੀ ਜਾਂਦੀ ਹੈ। ਇਸ ਵਿੱਚ ਵਿਦਿਆਰਥੀਆਂ ਦੇ ਚੰਗੇ ਭਵਿੱਖ ਅਤੇ ਕਾਲਜ ਦੇ ਵਿਕਾਸ ਸਬੰਧੀ ਵਿਚਾਰ ਚਰਚਾ ਕੀਤੀ ਜਾਂਦੀ ਹੈ। ਵਿਦਿਆਰਥੀਆਂ ਦੇ ਮਾਪੇ ਇਸ ਵਿੱਚ ਭਾਗ ਲੈਂਦੇ ਹਨ। ਮਾਪੇ-ਅਧਿਆਪਕ ਸਮੇਂ-ਸਮੇਂ ਇਕੱਠੇ ਬੈਠਕੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕਰਦੇ ਹਨ। ਕਾਲਜ ਵਿਚ ਪੰਜਾਬ ਸਰਕਾਰ ਵੱਲੋਂ ਪ੍ਰਵਾਨਿਤ ਹਦਾਇਤਾਂ ਮੁਤਾਬਿਕ ਮਾਪੇ-ਅਧਿਆਪਕ ਸਭਾ (ਪੀ.ਟੀ.ਏ.) ਬਣਾਈ ਜਾਂਦੀ ਹੈ। ਪਿਛਲੇ ਦੌਰ ਵਿਚ ਪੀ.ਟੀ.ਏ. ਨੇ ਕਾਲਜ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਜਿਸ ਨਾਲ ਕਾਲਜ ਨੂੰ ਨਵੀਂ ਦਿੱਖ ਅਤੇ ਮੁਹਾਂਦਰਾ ਮਿਲਿਆ ਹੈ। ਇਸ ਸੰਸਥਾ ਦੀ ਚੋਣ ਹਰ ਸਾਲ ਹੁੰਦੀ ਹੈ ਅਤੇ ਕਾਲਜ ਪ੍ਰਿੰਸੀਪਲ ਇਸ ਸੰਸਥਾ ਦਾ ਪ੍ਰਧਾਨ ਹੁੰਦਾ ਹੈ। ਸੀਨੀਅਰ ਮੀਤ ਪ੍ਰਧਾਨ ਅਤੇ ਸਟਾਫ ਵਿੱਚੋਂ ਵਿੱਤ ਸਕੱਤਰ ਦੀ ਚੋਣ ਕੀਤੀ ਜਾਂਦੀ ਹੈ।

## ਯੁਵਕ-ਭਲਾਈ ਕਲੱਬ

ਇਹ ਕਲੱਬ ਯੁਵਕ ਸਭਿਆਚਾਰਕ ਪ੍ਰੋਗਰਾਮ/ਯੁਵਕ ਮੇਲੇ, ਲੋਕ-ਕਲਾਵਾਂ ਮੇਲਾ, ਹਾਈਕਿੰਗ ਟ੍ਰੇਨਿੰਗ ਕੈਂਪ, ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ ਅਤੇ ਵੱਖ-ਵੱਖ ਕਲਾਵਾਂ ਦੀਆਂ ਵਰਕਸ਼ਾਪਾਂ ਨਾਲ ਸਬੰਧਿਤ ਹੈ ।

## ਓਲਡ ਸਟੂਡੈਂਟਸ ਐਸੋਸੀਏਸ਼ਨ

ਕਾਲਜ ਦੇ ਪੁਰਾਣੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਸ ਸੰਸਥਾ ਨਾਲ ਜੋੜੀ ਰੱਖਣ ਲਈ ਅਤੇ ਨਵੀਂ ਪੀੜ੍ਹੀ ਨੂੰ ਬੀਤੇ ਸਮੇਂ ਦੇ ਵਿਦਿਆਰਥੀਆਂ ਦੇ ਰੂ-ਬ-ਰੂ ਹੋਣ ਦਾ ਮੌਕਾ ਪ੍ਰਦਾਨ ਕਰਨ ਲਈ, ਨੌਜਵਾਨ ਵਿਦਿਆਰਥੀਆਂ ਨੂੰ ਨੈਤਿਕ ਦਿਸ਼ਾ ਪ੍ਰਦਾਨ ਕਰਨ ਤੋਂ ਇਲਾਵਾ ਕਾਲਜ ਦੇ ਸਰਬਪੱਖੀ ਵਿਕਾਸ ਵਿੱਚ ਸਹਿਯੋਗ ਪ੍ਰਾਪਤ ਕਰਨ ਲਈ ਓਲਡ ਸਟੂਡੈਂਟਸ ਐਸੋਸੀਏਸ਼ਨ ਨੂੰ 2003 ਵਿੱਚ ਹੋਂਦ ਵਿੱਚ ਲਿਆਂਦਾ ਗਿਆ ਸੀ। ਓ.ਐਸ.ਏ ਬੁੱਕ ਬੈਂਕ ਵਿੱਚੋਂ ਲੋੜਵੰਦ ਵਿਦਿਆਰਥੀਆਂ ਨੂੰ ਕਿਤਾਬਾਂ ਦੇ ਕੇ ਉਹਨਾਂ ਦੀ ਮਦਦ ਕੀਤੀ ਜਾਂਦੀ ਹੈ। ਨਿਸ਼ਚਿਤ ਫਾਰਮ ਭਰਨ ਉਪਰੰਤ ਰਜਿਸਟਰੇਸ਼ਨ ਫ਼ੀਸ ਜਮ੍ਹਾ ਕਰਵਾਕੇ ਕਾਲਜ ਵਿੱਚ ਪੜ੍ਹ ਚੁੱਕੇ ਪੁਰਾਣੇ ਵਿਦਿਆਰਥੀ ਇਸ ਸੰਸਥਾ ਦੇ ਮੈਂਬਰ ਬਣ ਸਕਦੇ ਹਨ। OSA ਦੀ ਸੰਵਿਧਾਨ ਪੁਸਤਕ ਵਿੱਚ ਇਸ ਦੇ ਵੇਰਵੇ ਦਰਜ ਹਨ।

## ਟਿਊਟੋਰੀਅਲ ਪ੍ਰਣਾਲੀ

ਕਾਲਜ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀ ਦਾ ਇੱਕ ਟਿਊਟੋਰੀਅਲ ਗਰੁੱਪ ਨਿਸ਼ਚਿਤ ਕੀਤਾ ਜਾਂਦਾ ਹੈ ਅਤੇ ਉਸ ਨੂੰ ਇੱਕ ਟਿਊਟਰ ਦੀ ਖ਼ਾਸ ਨਿਗਰਾਨੀ ਹੇਠ ਰੱਖਿਆ ਜਾਂਦਾ ਹੈ। ਟਿਊਟਰ ਵਿਦਿਆਰਥੀਆਂ ਦੇ ਕਾਲਜ ਵਿੱਚ ਕੰਮਾਂ-ਕਾਰਾਂ ਸੰਬੰਧੀ ਸਲਾਹ ਦਿੰਦਾ ਹੈ ਅਤੇ ਉਹਨਾਂ ਦੀ ਭਲਾਈ ਦਾ ਧਿਆਨ ਰੱਖਦਾ ਹੈ। ਵਿਦਿਆਰਥੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਅਤੇ ਰਿਆਇਤਾਂ (ਬੱਸ ਪਾਸ/ਪਹਿਚਾਣ ਪੱਤਰ/ਚਰਿੱਤਰ ਸਰਟੀਫਿਕੇਟ/ਦੁਬਾਰਾ ਦਾਖ਼ਲਾ/ਦਾਖ਼ਲਾ ਫਾਰਮ/ ਹਾਜ਼ਰੀਆਂ ਦੀ ਪੂਰਤੀ) ਆਦਿ ਟਿਊਟਰ ਦੀ ਸਿਫ਼ਾਰਿਸ਼ 'ਤੇ ਹੀ ਮਿਲਦੀਆਂ ਹਨ। ਟਿਊਟੋਰੀਅਲ ਪੀਰੀਅਡ ਵਿੱਚੋਂ ਗ਼ੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਜੁਰਮਾਨਾ ਕੀਤਾ ਜਾਂਦਾ ਹੈ।

## ਪ੍ਰੋਕਟੋਰੀਅਲ ਪ੍ਰਣਾਲੀ

ਵਿਦਿਆਰਥੀਆਂ ਵਿਚ ਅਨੁਸ਼ਾਸਨ ਕਾਇਮ ਕਰਨ ਅਤੇ ਯੋਗ ਅਗਵਾਈ ਦੇਣ ਲਈ ਇਹ ਪ੍ਰਣਾਲੀ ਕਾਲਜ ਵਿਚ ਲਾਗੂ ਹੈ। ਪ੍ਰੋਕਟਰ (ਨਿਗਰਾਨ ਪ੍ਰਾਧਿਆਪਕ) ਵਿਦਿਆਰਥੀ ਨੂੰ ਆਪਣੇ ਸਮੇਂ ਦੀ ਸੁਚੱਜੀ ਵਰਤੋਂ ਬਾਰੇ ਸਲਾਹ ਦਿੰਦੇ ਹਨ। ਉਹ ਕਿਸੇ ਵਿਦਿਆਰਥੀ ਵੱਲੋਂ ਕੀਤੀ ਅਨੁਸ਼ਾਸਨਹੀਣਤਾ ਦੀ ਰਿਪੋਰਟ ਪ੍ਰਿੰਸੀਪਲ ਸਾਹਿਬ ਨੂੰ ਕਰਦੇ ਹਨ। ਵਿਦਿਆਰਥੀਆਂ ਨੂੰ ਅਧਿਆਪਕ/ਪ੍ਰਿੰਸੀਪਲ ਵਲੋਂ ਪੁੱਛੇ ਜਾਣ ਤੇ ਆਪਣਾ ਪਹਿਚਾਣ-ਪੱਤਰ ਦਿਖਾਉਣਾ ਜਰੂਰੀ ਹੈ।। ਅਜਿਹਾ ਨਾ ਕਰਨ 'ਤੇ ਵਿਦਿਆਰਥੀ ਵਿਰੁੱਧ ਅਨੁਸ਼ਾਸਨਹੀਣਤਾ ਦੀ ਕਾਰਵਾਈ ਕੀਤੀ ਜਾਂਦੀ ਹੈ। ਅਣ-ਅਧਿਕਾਰਤ ਵਿਅਕਤੀ ਦੇ ਕਾਲਜ ਵਿਚ ਬਿਨਾਂ ਪ੍ਰਵਾਨਗੀ ਪ੍ਰਵੇਸ਼ ਕਰਨ ਦੀ ਸਖ਼ਤ ਪਾਬੰਦੀ ਹੈ।

## ਹਾਜ਼ਰੀਆਂ/ ਛੁੱਟੀ/ ਪੁਨਰ ਦਾਖ਼ਲਾ/ਕਾਲਜ ਛੱਡਣਾ/ਆਚਰਣ ਅਤੇ ਨਤੀਜਾ ਕਾਰਡ

### ਕਾਲਜ ਵਿੱਚ ਹਾਜ਼ਰੀਆਂ

1) ਪ੍ਰਾਅਧਿਆਪਕ ਵੱਲੋਂ ਲਗਾਈਆਂ ਗਈਆਂ ਕੁੱਲ ਹਾਜ਼ਰੀਆਂ ਵਿੱਚੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਯਮਾਂ ਅਨੁਸਾਰ ਵਿਦਿਆਰਥੀਆਂ ਲਈ 75 ਪ੍ਰਤੀਸ਼ਤ ਹਾਜ਼ਰੀਆਂ ਪ੍ਰਾਪਤ ਕਰਨੀਆਂ ਜ਼ਰੂਰੀ ਹਨ। ਇਹ ਸ਼ਰਤ ਪੂਰੀ ਨਾ ਕਰ ਸਕਣ ਵਾਲੇ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਨਹੀਂ ਬੈਠ ਸਕਣਗੇ। ਯੂਨੀਵਰਸਿਟੀ ਨਿਯਮਾਂ ਵਿੱਚ ਦਰਸਾਈਆਂ ਹਾਲਤਾਂ/ਸੀਮਾਵਾਂ ਤੋਂ ਇਲਾਵਾ ਕਿਸੇ ਵੀ ਆਧਾਰ 'ਤੇ ਛੋਟ ਨਹੀਂ ਦਿੱਤੀ ਜਾ ਸਕਦੀ।
2) ਵਿਦਿਆਰਥੀ ਹਰ ਮਹੀਨੇ ਆਪਣੇ ਸੰਬੰਧਿਤ ਪ੍ਰਾਅਧਿਆਪਕ ਕੋਲੋਂ ਆਪਣੀਆਂ ਹਾਜ਼ਰੀਆਂ ਬਾਰੇ ਜਾਣਕਾਰੀ ਹਾਸਿਲ ਕਰਨਗੇ।
3) ਵਿਦਿਆਰਥੀਆਂ ਦੇ ਮਾਤਾ-ਪਿਤਾ/ਸਰਪ੍ਰਸਤ ਆਪਣੇ ਬੱਚਿਆਂ ਦੀਆਂ ਹਾਜ਼ਰੀਆਂ ਬਾਰੇ, ਉਨ੍ਹਾਂ ਦੇ ਕਾਲਜ ਵਿੱਚ ਵਿਵਹਾਰ ਬਾਰੇ, ਉਨ੍ਹਾਂ ਦੇ ਮਹੀਨਾ ਵਾਰ ਕਲਾਸ ਟੈਸਟ ਅਤੇ ਘਰੇਲੂ ਇਮਤਿਹਾਨਾਂ ਵਿੱਚ ਕਾਰਗੁਜ਼ਾਰੀ ਬਾਰੇ ਆਪ ਸਮੇਂ-ਸਮੇਂ ਪਤਾ ਕਰਦੇ ਰਹਿਣ।

### ਲੈਕਚਰਾਂ ਦੀ ਘਾਟ ਵਿੱਚ ਰਿਆਇਤ

1) ਪ੍ਰਿੰਸੀਪਲ ਦੀ ਆਗਿਆ ਨਾਲ ਅੰਤਰ-ਯੂਨੀਵਰਸਿਟੀ/ਅੰਤਰ-ਕਾਲਜ ਅਤੇ ਜ਼ੋਨਲ ਫੈਸਟੀਵਲ / ਖੇਡਾਂ ਵਿੱਚ ਭਾਗ ਲੈਣ ਕਾਰਨ ਲੈਕਚਰ ਘਟਣ ਦੀ ਹਾਲਤ 'ਚ ਸਬੰਧਿਤ ਵਿਦਿਆਰਥੀ ਦੇ ਲੈਕਚਰ ਪ੍ਰਿੰਸੀਪਲ ਦੀ ਆਗਿਆ ਨਾਲ ਪੂਰੇ ਕੀਤੇ ਜਾ ਸਕਦੇ ਹਨ। ਇਸ ਸਬੰਧੀ ਸਭਿਆਚਾਰਕ, ਐਨ.ਐਸ.ਐਸ. ਗਤੀਵਿਧੀਆਂ ਅਤੇ ਖੇਡਾਂ ਦੇ ਇੰਚਾਰਜ ਰਿਕਾਰਡ ਰੱਖਣਗੇ।
2) ਪ੍ਰਿੰਸੀਪਲ ਸਾਹਿਬ ਦੀ ਪ੍ਰਵਾਨਗੀ ਨਾਲ ਯੂਨੀਵਰਸਿਟੀ ਵਿੱਦਿਅਕ ਕੈਂਪ ਵਿੱਚ ਭਾਗ ਲੈਣ ਕਾਰਨ।
3) ਸੈਮੀਨਾਰ 'ਚ ਹਾਜ਼ਰ ਹੋਣ ਕਾਰਨ ਵਿਦਿਆਰਥੀ ਨੂੰ ਉਨ੍ਹਾਂ ਦਿਨਾਂ ਵਿੱਚ ਦਿੱਤੇ ਲੈਕਚਰਾਂ/ਪ੍ਰੈਕਟੀਕਲ ਆਦਿ ਦੀ ਰਿਆਇਤ ਨਿਯਮਾਂ ਅਨੁਸਾਰ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਦਿਨਾਂ ਵਿੱਚ ਉਸ ਦੀ ਹਾਜ਼ਰੀ ਨਾ ਲੱਗੀ ਹੋਵੇ। ਇਹ ਰਿਆਇਤ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ ਜਿਹੜੇ ਵਿਦਿਆਰਥੀ ਅਜਿਹੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਤੋਂ ਪਹਿਲਾਂ ਜਾਂ ਤੁਰੰਤ ਪਿੱਛੋਂ ਆਪਣੇ ਇੰਚਾਰਜ/ਲੈਕਚਰਾਰ ਰਾਹੀਂ ਸੂਚਨਾ, ਦਫ਼ਤਰ ਅਤੇ ਪ੍ਰੀਖਿਆ ਬਾਰੇ ਰਿਕਾਰਡ ਰੱਖਣ ਵਾਸਤੇ ਸਬੰਧਿਤ ਇੰਚਾਰਜ ਨੂੰ ਲਿਖਤੀ ਜਾਣਕਾਰੀ ਦੇਣਗੇ।
4) ਇਹ ਰਿਆਇਤ ਮੈਡੀਕਲ ਆਧਾਰ 'ਤੇ ਨਹੀਂ ਦਿੱਤੀ ਜਾਵੇਗੀ।
5) ਯੂਨੀਵਰਸਿਟੀ ਦੇ ਇਮਤਿਹਾਨਾਂ ਲਈ ਯੋਗਤਾ ਵਾਸਤੇ ਹਾਜ਼ਰੀਆਂ ਅਤੇ ਹੋਰ ਸ਼ਰਤਾਂ ਸੰਬੰਧੀ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ ਜਿਨ੍ਹਾਂ ਬਾਰੇ ਸਮੇਂ-ਸਮੇਂ ਸਿਰ ਨਿਰਦੇਸ਼ ਅਨੁਸਾਰ ਵਿਦਿਆਰਥੀਆਂ ਨੂੰ ਨੋਟਿਸ ਰਾਹੀਂ ਅਤੇ ਟਿਊਟੋਰੀਅਲ ਗਰੁੱਪਾਂ ਵਿੱਚ ਸੂਚਿਤ ਕੀਤਾ ਜਾਵੇਗਾ।

## ਕਾਲਜ ਛੱਡਣਾ/ਨਾਂ ਕੱਟਿਆ ਜਾਣਾ

1) ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜਿਹੜਾ ਵਿਦਿਆਰਥੀ ਦਸ ਦਿਨ ਜਾਂ ਇਸ ਤੋਂ ਵੱਧ ਕਿਸੇ ਵੀ ਵਿਸ਼ੇ ਵਿੱਚੋਂ ਲਗਾਤਾਰ ਬਿਨਾਂ ਛੁੱਟੀ ਲਏ ਗੈਰ ਹਾਜ਼ਰ ਰਹੇਗਾ, ਉਸ ਦਾ ਨਾਂ ਕਾਲਜ ਹਾਜ਼ਰੀ ਰਜਿਸਟਰ ਵਿੱਚੋਂ ਕੱਟ ਦਿੱਤਾ ਜਾਵੇਗਾ।
2) ਅਜਿਹੀ ਹਾਲਤ ਵਿੱਚ ਵਿਦਿਆਰਥੀ ਦੇ ਵਿਸ਼ੇਸ਼ ਕਾਰਨਾਂ ਨੂੰ ਦੇਖ ਕੇ, ਵਿਦਿਆਰਥੀ ਵੱਲੋਂ ਮਾਪਿਆਂ ਨੂੰ ਨਾਲ ਲਿਆ ਕੇ ਅਤੇ ਪ੍ਰਿੰਸੀਪਲ ਸਾਹਿਬ ਦੀ ਆਗਿਆ ਮਿਲਣ 'ਤੇ ਹੀ ਦੁਬਾਰਾ ਦਾਖਲਾ ਮਿਲ ਸਕਦਾ ਹੈ।
3) ਜੇ ਕਿਸੇ ਵਿਦਿਆਰਥੀ ਦਾ ਵਿਵਹਾਰ ਠੀਕ ਨਹੀਂ ਹੋਵੇਗਾ ਤਾਂ ਪ੍ਰਿੰਸੀਪਲ ਸਾਹਿਬ ਉਸ ਦਾ ਨਾਂ ਕੱਟਣ ਦਾ ਅਧਿਕਾਰ ਰੱਖਦੇ ਹਨ ।
4) ਜਿਹੜਾ ਵਿਦਿਆਰਥੀ ਕਿਸੇ ਕਾਰਨ ਕਾਲਜ ਛੱਡਣਾ ਚਾਹੁੰਦਾ ਹੈ, ਉਹ ਇਸ ਲਈ ਬਿਨੈ-ਪੱਤਰ ਕਾਲਜ ਪ੍ਰਿੰਸੀਪਲ ਨੂੰ ਪੇਸ਼ ਕਰੇ, ਜਿਸ ਉੱਪਰ ਮਾਤਾ-ਪਿਤਾ ਦੇ ਦਸਤਖ਼ਤ ਹੋਣੇ ਚਾਹੀਦੇ ਹਨ।
5) ਮੁੜ ਦਾਖ਼ਲੇ ਸਮੇਂ ਪੀ.ਟੀ.ਏ. ਫ਼ੰਡ ਦੁਬਾਰਾ ਲਿਆ ਜਾਵੇਗਾ।

## ਛੁੱਟੀ ਲਈ ਨਿਯਮ

1) ਬਿਨੈ-ਪੱਤਰ ਛੁੱਟੀ 'ਤੇ ਜਾਣ ਤੋਂ ਪਹਿਲਾਂ ਦਿੱਤਾ ਜਾਣਾ ਚਾਹੀਦਾ ਹੈ।
2) ਤਿੰਨ ਦਿਨਾਂ ਤੱਕ ਦੀ ਛੁੱਟੀ ਕਲਾਸ ਟਿਊਟਰ ਰਾਹੀਂ ਮਿਲ ਸਕਦੀ ਹੈ। ਇਸ ਤੋਂ ਵੱਧ ਦੀ ਛੁੱਟੀ ਕਾਲਜ ਪ੍ਰਿੰਸੀਪਲ ਤੋਂ ਮਨਜ਼ੂਰ ਕਰਵਾਉਣੀ ਪਵੇਗੀ।

## **ਕਾਲਜ ਪੁਸਤਕਾਲਾ ਅਤੇ ਕਾਲਜ ਮੈਗਜ਼ੀਨ**

ਕਾਲਜ ਮੈਗਜ਼ੀਨ: 'ਦ ਆਈਡੀਅਲ ਬਾਰੇ

ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦਾ ਸਾਹਿਤਕ ਮੈਗਜ਼ੀਨ 'ਦ ਆਈਡੀਅਲ' ਹੈ, ਜਿਹੜਾ ਕਿ ਪ੍ਰਿੰਸੀਪਲ ਦੀ ਅਗਵਾਈ ਵਿੱਚ ਸੰਪਾਦਕੀ ਮੰਡਲ ਵੱਲੋਂ ਸਾਲ ਵਿਚ ਇੱਕ ਵਾਰੀ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਸ ਵਿਚ ਵਿਦਿਆਰਥੀ ਅਤੇ ਅਧਿਆਪਕ ਆਪਣੀਆਂ ਸਾਹਿਤਕ ਗਤੀਵਿਧੀਆਂ ਉਜਾਗਰ ਕਰਦੇ ਹਨ। ਇਸ ਮੈਗਜ਼ੀਨ ਵਿਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਰਚਨਾਵਾਂ ਦੇ ਕੁੱਲ ਤਿੰਨ ਸੈਕਸ਼ਨ ਹਨ। ਹਰੇਕ ਸੈਕਸ਼ਨ ਦੇ ਵਿਦਿਆਰਥੀ ਸੰਪਾਦਕ ਅਤੇ ਸਹਿ-ਸੰਪਾਦਕ ਦੀ ਚੋਣ, ਲਿਖਤੀ ਪ੍ਰੀਖਿਆ ਰਾਹੀਂ ਹੁੰਦੀ ਹੈ ਅਤੇ ਇਸ ਸਬੰਧੀ ਸੂਚਨਾ ਕਾਲਜ ਨੋਟਿਸ ਬੋਰਡ ਉੱਤੇ ਲਗਾਈ ਜਾਂਦੀ ਹੈ। ਵਿਦਿਆਰਥੀ ਆਪਣੀਆਂ ਮੌਲਿਕ ਰਚਨਾਵਾਂ ਸਾਰੇ ਸੈਸ਼ਨ ਦੌਰਾਨ ਹੀ ਤਿਆਰ ਕਰਦੇ ਰਹਿਣ ਤਾਂ ਕਿ ਮੈਗਜ਼ੀਨ ਦੀ ਤਿਆਰੀ ਸਮੇਂ ਤੁਰੰਤ ਜਮ੍ਹਾ ਕਰਵਾਈਆਂ ਜਾ ਸਕਣ ਅਤੇ ਮੈਗਜ਼ੀਨ ਸਮੇਂ ਸਿਰ ਛਪਾਇਆ ਜਾ ਸਕੇ। ਵਿਦਿਆਰਥੀਆਂ ਪਾਸੋਂ ਰਚਨਾਵਾਂ ਇਕੱਠੀਆਂ ਕਰਨ ਲਈ ਲੋੜੀਂਦੀ ਸੂਚਨਾ, ਕਾਲਜ ਨੋਟਿਸ ਬੋਰਡ ਉੱਤੇ ਲਗਾਈ ਜਾਂਦੀ ਹੈ।

### **ਸ਼ਨਾਖ਼ਤੀ ਕਾਰਡ ਅਤੇ ਲਾਇਬਰੇਰੀ ਕਾਰਡ**

ਕਾਲਜ ਵੱਲੋਂ ਹਰੇਕ ਵਿਦਿਆਰਥੀ ਨੂੰ ਇੱਕ ਸ਼ਨਾਖ਼ਤੀ ਕਾਰਡ ਅਤੇ ਲਾਇਬਰੇਰੀ ਕਾਰਡ ਜਾਰੀ ਕੀਤਾ ਜਾਏਗਾ, ਜਿਸ ਦੀ ਸਾਂਭ-ਸੰਭਾਲ ਲਈ ਉਹ ਨਿੱਜੀ ਤੌਰ 'ਤੇ ਜ਼ਿੰਮੇਵਾਰ ਹੋਵੇਗਾ। ਸ਼ਨਾਖਤੀ ਕਾਰਡ ਅਤੇ ਲਾਇਬਰੇਰੀ ਕਾਰਡ ਗੁਆਚ ਜਾਣ ਕਰਕੇ ਪੁਲਿਸ-ਥਾਣੇ ਵਿਚ ਐਫ.ਆਈ.ਆਰ ਦਰਜ ਕਰਾਉਣ ਉਪਰੰਤ ਨਵਾਂ ਡੁਪਲੀਕੇਟ ਕਾਰਡ 50/-ਰੁਪਏ ਜਮ੍ਹਾਂ ਕਰਵਾਕੇ ਬਣਾਇਆ ਜਾ ਸਕਦਾ ਹੈ। ਵਿਦਿਆਰਥੀ ਆਪਣਾ ਇਹ ਕਾਰਡ ਕਿਸੇ ਹੋਰ ਨੂੰ ਨਹੀਂ ਸੌਂਪ ਸਕਦਾ। ਕਾਲਜ ਸਮੇਂ ਦੌਰਾਨ ਹਰੇਕ ਵਿਦਿਆਰਥੀ ਲਈ ਹਰ ਵੇਲੇ ਸਨਾਖਤੀ ਕਾਰਡ ਆਪਣੇ ਪਾਸ ਰੱਖਣਾ ਜਰੂਰੀ ਹੈ। ਕਿਸੇ ਵੀ ਮੌਕੇ ਇਹ ਕਾਰਡ ਕਾਲਜ ਕੈਂਪਸ ਵਿਚ ਕਾਲਜ ਪ੍ਰਿੰਸੀਪਲ ਅਤੇ ਕਾਲਜ ਸਟਾਫ਼ ਵੱਲੋਂ ਚੈੱਕ ਕੀਤਾ ਜਾ ਸਕਦਾ ਹੈ। ਸ਼ਨਾਖਤੀ ਕਾਰਡ ਨਾ ਹੋਣ ਦੀ ਸੂਰਤ ਵਿਚ ਵਿਦਿਆਰਥੀ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ ਅਤੇ ਜ਼ੁਰਮਾਨਾ ਵੀ ਕੀਤਾ ਜਾ ਸਕਦਾ ਹੈ। ਸ਼ਨਾਖ਼ਤੀ ਕਾਰਡ ਅਤੇ ਲਾਇਬਰੇਰੀ ਕਾਰਡ ਹੇਠ ਲਿਖੇ ਕਾਰਜਾਂ ਲਈ ਜ਼ਰੂਰੀ ਹੈ।

(ੳ) ਕਾਲਜ ਦੇ ਬਤੌਰ ਰੈਗੂਲਰ ਵਿਦਿਆਰਥੀ ਹੋਣ ਦੇ ਸਬੂਤ ਵਜੋਂ।

(ਅ) ਬਸ ਪਾਸ ਬਣਾਉਣ ਲਈ ਸਬੰਧਿਤ ਫਾਰਮ ਤਸਦੀਕ ਕਰਵਾਉਣ ਖ਼ਾਤਰ।

(ੲ) ਕਾਲਜ ਮੈਗਜ਼ੀਨ ਪ੍ਰਾਪਤ ਕਰਨ ਵਾਸਤੇ।

(ਸ) ਲਾਇਬਰੇਰੀ ਵਿਚੋਂ ਕਿਤਾਬਾਂ ਜਾਰੀ ਕਰਾਉਣ ਅਤੇ ਵਾਪਸ ਕਰਨ ਲਈ।

(ਹ) ਕਾਲਜ ਛੱਡਣ ਵੇਲੇ ਲਾਇਬਰੇਰੀ ਸਕਿਉਰਿਟੀ ਵਾਪਸ ਲੈਣ ਲਈ।

(ਕ) ਯੂਨੀਵਰਸਿਟੀ ਪ੍ਰੀਖਿਆ ਫਾਰਮ ਭਰਨ ਵੇਲੇ ਇੰਚਾਰਜ ਅਧਿਕਾਰੀ ਨੂੰ ਦਿਖਾਉਣ ਲਈ।

(ਖ) ਕਾਲਜ ਦਫ਼ਤਰ ਵਿਚੋਂ ਯੂਨੀਵਰਸਿਟੀ ਰੋਲ ਨੰਬਰ ਜਾਰੀ ਕਰਾਉਣ ਲਈ।

(ਗ) ਕਾਲਜ ਵੱਲੋਂ ਵਿੱਦਿਅਕ ਟੂਰ 'ਤੇ ਜਾਣ ਸਮੇਂ ।

(ਘ) ਯੂਨੀਵਰਸਿਟੀ ਸਮਾਰੋਹ ਵਿਚ ਸ਼ਾਮਲ ਹੋਣ ਲਈ ।

(ਙ) ਕਾਲਜ ਐਥਲੈਟਿਕ ਮੀਟ ਵਿਚ ਭਾਗ ਲੈਣ ਲਈ ਆਦਿ।

**<u>ਕਾਲਜ ਲਾਇਬਰੇਰੀ ਬਾਰੇ ਵੇਰਵਾ</u>**

ਕਾਲਜ ਵਿੱਚ ਲਾਇਬਰੇਰੀ ਦਾ ਪ੍ਰਬੰਧ ਹੈ, ਜੋ ਐਤਵਾਰ, ਸਰਕਾਰੀ ਅਤੇ ਯੂਨੀਵਰਸਿਟੀ ਦੀਆਂ ਛੁੱਟੀਆਂ ਅਤੇ ਪੁਸਤਕਾਂ ਦੀ ਗਿਣਤੀ ਕਰਨ ਦੇ ਦਿਨਾਂ ਨੂੰ ਛੱਡ ਕੇ ਸਾਰਾ ਸਾਲ ਖੁੱਲ੍ਹੀ ਰਹਿੰਦੀ ਹੈ। ਇਸ ਵਿੱਚ ਮੁੱਖ ਲਾਇਬ੍ਰੇਰੀ, ਤੋਂ ਇਲਾਵਾ ਰੀਡਿੰਗ ਰੂਮ ਅਤੇ ਰੈਫਰੈਂਸ ਸੈਕਸ਼ਨ ਸ਼ਾਮਲ ਹਨ। ਲਾਇਬਰੇਰੀ ਵਿੱਚ 40938 ਤੋਂ ਵੱਧ ਬਹੁਮੁੱਲੀਆਂ ਪੁਸਤਕਾਂ ਹਨ ਅਤੇ ਅਖ਼ਬਾਰ, ਮੈਗਜ਼ੀਨ ਵੀ ਮੰਗਵਾਏ ਜਾਂਦੇ ਹਨ। ਕਾਲਜ ਦੇ ਸਾਰੇ ਰੈਗੂਲਰ ਵਿਦਿਆਰਥੀ ਚਾਲੂ ਸੈਸ਼ਨ ਲਈ ਲਾਇਬ੍ਰੇਰੀ ਦੇ ਮੈਂਬਰ ਬਣ ਸਕਦੇ ਹਨ। ਕਿਤਾਬਾਂ ਦੇ ਜਾਰੀ ਕਰਾਉਣ ਲਈ ਅਤੇ ਵਾਪਸ ਕਰਨ ਲਈ ਨਿਯਮ ਹੇਠ ਲਿਖੇ ਅਨੁਸਾਰ ਹਨ:-

ੳ) ਸਟਾਫ਼ ਦੇ ਮੈਂਬਰ । ਮਹੀਨੇ ਲਈ ਅਤੇ ਵਿਦਿਆਰਥੀ 14 ਦਿਨਾਂ ਲਈ ਕਿਤਾਬਾਂ ਲੈ ਸਕਦੇ ਹਨ।

ਅ) ਨਿਸ਼ਚਿਤ ਸਮੇਂ ਤੋਂ ਬਾਅਦ ਪੁਸਤਕ ਰੱਖਣ ਵਾਲੇ ਵਿਦਿਆਰਥੀ ਨੂੰ ਹਰ ਪੁਸਤਕ ਲਈ 1/- ਰੁਪਏ ਰੋਜ਼ਾਨਾ ਜੁਰਮਾਨੇ ਵਜੋਂ ਦੇਣੇ ਪੈਣਗੇ। ਪੁਸਤਕ ਵਾਪਸ ਕਰਨ ਦੀ ਅੰਤਿਮ ਮਿਤੀ ਨੂੰ ਕਾਲਜ ਬੰਦ ਹੋਵੇ ਤਾਂ ਅਗਲਾ ਕੰਮ ਦਾ ਦਿਨ ਅੰਤਿਮ ਦਿਨ ਗਿਣਿਆ ਜਾਵੇਗਾ।

ੲ) ਹਵਾਲਾ ਪੁਸਤਕਾਂ, ਕੋਸ਼, ਵਿਸ਼ਵ-ਕੋਸ਼ ਅਤੇ ਹੋਰ ਕੁੱਝ ਪੁਸਤਕਾਂ ਬਾਹਰ ਲੈ ਕੇ ਜਾਣ ਵਾਸਤੇ ਕਿਸੇ ਨੂੰ ਵੀ ਨਹੀਂ ਦਿੱਤੀਆਂ ਜਾਣਗੀਆਂ।

ਸ) ਰਸਾਲਿਆਂ ਦੀਆਂ ਜਿਲਦਾਂ ਅਤੇ ਕੁੱਝ ਖ਼ਾਸ ਪੁਸਤਕਾਂ ਅਧਿਆਪਕਾਂ ਨੂੰ ਇੱਕ ਹਫ਼ਤੇ ਲਈ ਦਿੱਤੀਆਂ ਜਾ ਸਕਦੀਆਂ ਹਨ।

ਹ) ਗੁਆਚੀਆਂ ਜਾਂ ਖ਼ਰਾਬ ਹੋਈਆਂ ਪੁਸਤਕਾਂ ਲਾਇਬਰੇਰੀਅਨ ਦੀ ਇੱਛਾ ਅਨੁਸਾਰ ਬਦਲ ਲਈਆਂ ਜਾਣਗੀਆਂ ਜਾਂਉਨ੍ਹਾਂ ਦੀ ਮੌਜੂਦਾ ਕੀਮਤ ਵਾਧੂ ਖ਼ਰਚੇ ਸਮੇਤ ਜਮ੍ਹਾ ਕਰਵਾਉਣੀ ਪਵੇਗੀ। ਬਦਲ ਵਿੱਚ ਪੈਸੇ ਜਮ੍ਹਾ ਕਰਵਾਉਣ ਵਾਲੇ ਤੋਂ ਘੱਟੋ-ਘੱਟ 5/- ਰੁ: ਜਾਂ ਪੁਸਤਕ ਦੀ ਮੌਜੂਦਾ ਕੀਮਤ ਦਾ 20% ਕੀਮਤ ਦੇ ਨਾਲ ਵਾਧੂ ਖ਼ਰਚੇ ਦੇ ਤੌਰ 'ਤੇ ਲਿਆ ਜਾਵੇਗਾ।

ਕ) ਪਾਠਕ ਨੂੰ ਕਿਤਾਬਾਂ ਜਾਂ ਰਸਾਲਿਆਂ ਉੱਪਰ ਕੁੱਝ ਲਿਖ ਕੇ ਉਨ੍ਹਾਂ ਨੂੰ ਖ਼ਰਾਬ ਨਹੀਂ ਕਰਨਾ ਚਾਹੀਦਾ ਇਹ ਆਦੇਸ਼ ਨਾ ਮੰਨਣ ਦੀ ਸੂਰਤ ਵਿੱਚ ਬਦਲਵੀਂ ਨਵੀਂ ਪੁਸਤਕ/ਰਸਾਲਾ ਜਮ੍ਹਾਂ ਕਰਵਾਉਣਾ ਪਵੇਗਾ।

**ਬਸ ਪਾਸ ਸਬੰਧੀ ਜਾਣਕਾਰੀ**

1) ਕਾਲਜ ਵੱਲੋਂ ਵਿਦਿਆਰਥੀਆਂ ਦੇ ਬਸ-ਪਾਸ ਦੇ ਫਾਰਮ ਦੀ ਸਿਫ਼ਾਰਸ਼/ਤਸਦੀਕ ਹਰੇਕ ਮਹੀਨੇ ਦੇ ਆਖ਼ਰੀ ਹਫ਼ਤੇ ਵਿੱਚ ਕੀਤੀ ਜਾਵੇਗੀ, ਫਿਰ ਬਾਅਦ ਵਿੱਚ ਪੀ.ਆਰ.ਟੀ.ਸੀ ਵੱਲੋਂ ਅਗਲੇ ਮਹੀਨੇ ਦੇ ਪਹਿਲੇ ਹਫ਼ਤੇ ਵਿੱਚ ਬੱਸ ਪਾਸ ਜਾਰੀ ਕੀਤੇ ਜਾਣਗੇ।

2) ਪਹਿਲਾਂ ਤੋਂ ਨਿਰਧਾਰਿਤ ਛੁੱਟੀਆਂ ਦੇ ਦਿਨਾਂ ਦੌਰਾਨ ਟੁੱਟਵੇਂ ਬੱਸ ਪਾਸ ਬਣਾਉਣ ਦੀ ਕੋਈ ਸਿਫ਼ਾਰਸ਼ ਨਹੀਂ ਕੀਤੀ ਜਾਵੇਗੀ।

3) ਬਸ-ਪਾਸ ਦੀ ਸਿਫ਼ਾਰਸ਼ ਕੇਵਲ ਇੱਕ ਮਹੀਨਾ, ਦੋ ਮਹੀਨੇ ਅਤੇ ਤਿੰਨ ਮਹੀਨੇ ਲਈ ਹੀ ਕੀਤੀ ਜਾਵੇਗੀ

4) ਵਿਦਿਆਰਥੀਆਂ ਨੂੰ ਆਪਣਾ ਬੱਸ ਪਾਸ ਸਮੇਂ ਸਿਰ ਰੀਨਿਊ ਕਰਵਾਉਣਾ ਪਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੇਕਰ ਕੋਈ ਵਿਦਿਆਰਥੀ ਦੇਰੀ ਨਾਲ ਰੀਨਿਊ ਦੀ ਅਰਜ਼ੀ ਦਿੰਦਾ ਹੈ, ਤਾਂ ਉਨ੍ਹਾਂ ਦੇ ਪਿਛਲੇ ਪਾਸ ਖ਼ਤਮ ਹੋਣ ਦੀ ਮਿਤੀ ਤੋਂ ਹੀ ਰੀਨਿਊ ਕਰਨ ਦੀ ਸਿਫ਼ਾਰਿਸ਼ ਕੀਤੀ ਜਾਵੇਗੀ।

3) ਇਹ ਵਿਦਿਆਰਥੀ ਦੀ ਆਪਣੀ ਹੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਕਾਲਜ/ਮੁਖੀ ਤੋਂ ਸਿਫ਼ਾਰਸ਼ ਕਰਵਾ ਕੇ ਬਸ ਪਾਸ ਫਾਰਮ ਪੀ.ਆਰ.ਟੀ.ਸੀ. ਦਫ਼ਤਰ ਵਿੱਚ ਜਮ੍ਹਾਂ ਕਰਵਾਏਗਾ। (ਹਵਾਲਾ) ਮੈਨੇਜਿੰਗ ਡਾਇਰੈਕਟਰ, ਪੀ.ਆਰ.ਟੀ.ਸੀ ਪੰਜਾਬ ਚੰਡੀਗੜ੍ਹ ਦੇ ਦਫ਼ਤਰ ਪੱਤਰ ਨੰ: 687-ਪੀ.ਆਰ.ਟੀ.ਸੀ./ਬਜਟ, ਮਿਤੀ 06.01.2009, ਜੋ ਕਿ ਡੀ.ਪੀ.ਆਈ. (ਕਾਲਜਾਂ) ਸਿੱਖਿਆ ਵਿਭਾਗ, ਪੰਜਾਬ ਚੰਡੀਗੜ੍ਹ ਦੇ ਦਫ਼ਤਰ ਪਿੱਠ ਅੰਕਨ ਨੰਬਰ 22-32-94 ਕਾ: ਐਜੂ (3)/288/639, ਮਿਤੀ 16.03.2009 ਰਾਹੀਂ ਪ੍ਰਾਪਤ ਹੋਇਆ ਹੈ।

**ਸਾਈਕਲ, ਸਕੂਟਰ/ਮੋਟਰ ਸਾਈਕਲ, ਕਾਰ ਸਟੈਂਡ**

ਵਾਹਨਾਂ ਦੀ ਸੁਰੱਖਿਆ ਲਈ ਨਿਮਨਲਿਖਤ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ:-

1) ਸਾਈਕਲ ਸਟੈਂਡ ਸੇਵਾ ਕਾਲਜ ਖੁੱਲ੍ਹਣ ਤੋਂ ਅੱਧਾ ਘੰਟਾ ਪਹਿਲਾਂ ਤੇ ਕਾਲਜ ਬੰਦ ਹੋਣ ਤੋਂ ਅੱਧਾ ਘੰਟਾ ਬਾਅਦ ਹੀ ਪ੍ਰਦਾਨ ਕੀਤੀ ਜਾਵੇਗੀ।

2) ਵਾਹਨ ਖੜੇ ਕਰਨ ਲਈ ਕਾਲਜ ਸਟਾਫ਼, ਲੜਕੇ ਅਤੇ ਲੜਕੀਆਂ ਲਈ ਵੱਖ-ਵੱਖ ਸਥਾਨ ਨਿਸ਼ਚਿਤ ਹਨ।

3) ਜੇ ਕੋਈ ਵਿਦਿਆਰਥੀ ਬਿਨਾਂ ਫ਼ੀਸ ਦਿੱਤਿਆਂ ਵਾਹਨ ਲਿਆਉਂਦਾ ਹੈ ਤਾਂ ਉਸ ਪਾਸੋਂ ਬਣਦੀ ਸਾਰੀ ਫੀਸ ਤੋਂ ਬਿਨਾਂ ਵਾਧੂ ਫ਼ੀਸ ਵੀ ਲਈ ਜਾਵੇਗੀ।

4) ਕਾਲਜ ਵਿਖੇ ਵਿਦਿਆਰਥੀਆਂ ਨੂੰ ਕਾਰਾਂ, ਖੁੱਲ੍ਹੀਆਂ ਜੀਪਾਂ, ਜਿਪਸੀਆਂ ਤੇ ਹੋਰ ਵੱਡੇ ਵਾਹਨ ਲਿਆਉਣ ਦੀ ਇਜਾਜ਼ਤ ਨਹੀਂ ਹੈ। ਇਹ ਵਾਹਨ ਸਪੈਸ਼ਲ ਕੇਸਾਂ ਵਿੱਚ ਕਾਲਜ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ ਵਾਧੂ ਪਾਰਕਿੰਗ ਫ਼ੀਸ ਦੇ ਕੇ ਹੀ ਲਿਆਂਦੇ ਜਾ ਸਕਦੇ ਹਨ।

5) ਕਾਲਜ ਦੀ ਪੋਰਚ ਸਾਈਡ ਵੱਲ ਪਾਰਕਿੰਗ ਨਾ ਕੀਤੀ ਜਾਵੇ ਉਲੰਘਣਾ ਕਰਨ 'ਤੇ 200/- ਜੁਰਮਾਨਾ ਹੋਵੇਗਾ।

6) ਉੱਪਰ ਦਿੱਤੀਆਂ ਹਦਾਇਤਾਂ ਤੋਂ ਇਲਾਵਾ ਵਹੀਕਲ ਸਟੈਂਡ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪ੍ਰਿੰਸੀਪਲ ਦੀ ਆਗਿਆ ਨਾਲ ਕਮੇਟੀ ਵੱਲੋਂ ਨਵੇਂ ਨਿਯਮ ਬਣਾਏ ਜਾ ਸਕਦੇ ਹਨ।

## ਅਧਿਆਪਨ ਅਮਲਾ

ਸੰਸਥਾ ਮੁਖੀ: ਪ੍ਰਿੰਸੀਪਲ ਡਾ. ਜਯੋਤਸਨਾ

### ਕਾਮਰਸ ਵਿਭਾਗ

1) ਡਾ. ਅਵਿਨਾਸ਼ ਕੁਮਾਰ, ਐਸਿਸਟੈਂਟ ਪ੍ਰੋਫੈਸਰ, (ਐਮ.ਕਾਮ.,ਐਮ.ਸੀ.ਏ, ਪੀਐਚ.ਡੀ.)

2) ਪ੍ਰੋ. ਜੋਤੀ, ਐਸਿਸਟੈਂਟ ਪ੍ਰੋਫੈਸਰ, (ਐਮ.ਕਾਮ.,ਯੂ.ਜੀ.ਸੀ. ਨੈੱਟ)

3) ਖਾਲੀ

4) ਖਾਲੀ

### ਇਕਨਾਮਿਕਸ ਵਿਭਾਗ

1) ਪ੍ਰੋ. ਸੋਨਮ ਚਾਵਲਾ, ਐਸਿਸਟੈਂਟ ਪ੍ਰੋਫੈਸਰ, (ਐਮ.ਏ,ਐਮ.ਫਿਲ)

### ਮੈਥੇਮੈਟਿਕਸ ਵਿਭਾਗ

1) ਡਾ. ਸਿੰਪਲ ਬਾਂਸਲ, ਐਸਿਸਟੈਂਟ ਪ੍ਰੋਫੈਸਰ, (ਐਮ.ਐਸ.ਸੀ.,ਐਮ.ਫਿਲ,ਪੀਐਚ.ਡੀ.)

### ਰਾਜਨੀਤੀ ਸ਼ਾਸਤਰ ਵਿਭਾਗ

1) ਡਾ. ਅਮਿਤ ਕਾਂਸਲ, ਐਸਿਸਟੈਂਟ ਪ੍ਰੋਫ਼ੈਸਰ, (ਐਮ.ਏ.,ਐਮ.ਏ.ਡੀ.ਈ., ਐਮ.ਜੇ.ਐਮ.ਸੀ., ਪੀਐਚ.ਡੀ.)

2) ਡਾ. ਰਾਵਿੰਦਰ ਸਿੰਘ, ਐਸਿਸਟੈਂਟ ਪ੍ਰੋਫੈਸਰ,(ਐਮ.ਏ.,ਐਮ.ਫਿਲ,ਪੀਐਚ.ਡੀ.)

3) ਡਾ. ਅਮਨਦੀਪ ਸਿੰਘ, ਐਸਿਸਟੈਂਟ ਪ੍ਰੋਫੈਸਰ, (ਐਮ.ਏ.,ਐਮ.ਫਿਲ, ਪੀਐਚ.ਡੀ.)

4) ਖਾਲੀ

### ਅੰਗਰੇਜੀ ਵਿਭਾਗ

1) ਡਾ. ਸੀਮਾ ਜਿੰਦਲ, ਐਸਿਸਟੈਂਟ ਪ੍ਰੋਫੈਸਰ, (ਐਮ.ਏ.,ਐਮ.ਫਿਲ.,ਪੀਐਚ.ਡੀ.)

2) ਡਾ. ਪ੍ਰਤਿਭਾ ਜਿੰਦਲ, ਐਸਿਸਟੈਂਟ ਪ੍ਰੋਫੈਸਰ, (ਐਮ.ਏ.,ਐਮ.ਫਿਲ.,ਪੀਐਚ.ਡੀ.)

3) ਡਾ. ਆਸ਼ੂ ਗਰਗ, ਐਸਿਸਟੈਂਟ ਪ੍ਰੋਫੈਸਰ, (ਐਮ.ਏ.,ਐਮ.ਫਿਲ, ਪੀਐਚ.ਡੀ.)

4) ਖਾਲੀ

### ਪੰਜਾਬੀ ਵਿਭਾਗ

1) ਪ੍ਰੋ.ਸੁਖਦੀਪ ਸਿੰਘ, ਐਸਿਸਟੈਂਟ ਪ੍ਰੋਫੈਸਰ, (ਐਮ.ਏ., ਯੂ.ਜੀ.ਸੀ. ਨੈੱਟ)

2) ਡਾ. ਸੁਪਨਦੀਪ ਕੌਰ, ਐਸਿਸਟੈਂਟ ਪ੍ਰੋਫੈਸਰ, (ਐਮ.ਏ.,ਐਮ.ਫਿਲ,ਪੀਐਚ.ਡੀ.)

3) ਪ੍ਰੋ. ਅੰਬੇਸ਼ ਭਾਰਦਵਾਜ, ਐਸਿਸਟੈਂਟ ਪ੍ਰੋਫੈਸਰ, (ਐਮ.ਏ,ਐਮ.ਫਿਲ,ਯੂ.ਜੀ.ਸੀ. ਨੈੱਟ)

4) ਡਾ. ਤਨਵੀਰ ਸਿੰਘ, ਐਸਿਸਟੈਂਟ ਪ੍ਰੋਫੈਸਰ,(ਐਮ.ਏ.,ਐਮ.ਫਿਲ,ਪੀਐਚ.ਡੀ.)

5) ਖਾਲੀ 6) ਖਾਲੀ

### ਹਿੰਦੀ ਵਿਭਾਗ

1) ਡਾ. ਹਰਵਿੰਦਰ ਕੌਰ, ਐਸਿਸਟੈਂਟ ਪ੍ਰੋਫੈਸਰ,(ਐਮ.ਏ, ਪੀਐਚ.ਡੀ.)

## ਹਿਸਟਰੀ ਵਿਭਾਗ

1) ਡਾ. ਅਜਮੀਤ ਕੌਰ, ਐਸਿਸਟੈਂਟ ਪ੍ਰੋਫੈਸਰ,(ਐਮ.ਏ.,ਐਮ.ਫਿਲ,ਪੀਐਚ.ਡੀ.)

2) ਪ੍ਰੋ. ਬਲਜੀਤ ਸਿੰਘ, ਐਸਿਸਟੈਂਟ ਪ੍ਰੋਫੈਸਰ, (ਐਮ.ਏ.,ਐਮ.ਫਿਲ)

3) ਖਾਲੀ

## ਸਰੀਰਕ ਸਿੱਖਿਆ ਵਿਭਾਗ

1) ਡਾ. ਜਸਕਰਨ ਸਿੰਘ (ਐਮ.ਐਸ.ਪੀ.ਟੀ., ਐਮ.ਏ. ਸਰੀਰਿਕ ਸਿੱਖਿਆ, ਨੈਟ ਜੇ.ਆਰ.ਐਫ.,ਪੀਐਚ.ਡੀ.)

2) ਪ੍ਰੋ. ਕੁਲਦੀਪ ਸਿੰਘ, ਐਸਿਸਟੈਂਟ ਪ੍ਰੋਫੈਸਰ,(ਐਮ.ਏ.,ਐਮ.ਫਿਲ)

## ਕੰਪਿਊਟਰ ਵਿਭਾਗ

1) ਪ੍ਰੋ. ਲੋਕੇਸ਼ ਗਰਗ (ਐਮ.ਸੀ.ਏ.)

## ਐਚ.ਈ.ਆਈ.ਐਸ. ਸਟਾਫ

1) ਪ੍ਰੋ. ਵਿਕੇਸ਼ ਬਾਂਸਲ (ਐਮ.ਸੀ.ਏ., ਐਮ.ਟੈੱਕ.)

2) ਪ੍ਰੋ. ਗਗਨਦੀਪ ਕੁਮਾਰ (ਐਮ.ਸੀ.ਏ.,ਐਸ.ਟੈੱਕ.)

## **ਕਾਲਜ ਦਫ਼ਤਰੀ ਅਮਲਾ**

1. ਸੁਪਰਡੈਂਟ : ਸ. ਹਰਭਜਨ ਸਿੰਘ
2. ਸੁਪਰਡੈਂਟ : ਖਾਲੀ
3. ਜੂਨੀਅਰ ਸਹਾਇਕ: ਸ੍ਰੀ ਸੁਰੇਸ਼ ਕੁਮਾਰ
4. ਕਲਰਕ: ਸ੍ਰੀਮਤੀ ਨੀਸ਼ੂ ਰਾਣੀ
5. ਕਲਰਕ: ਸ੍ਰੀਮਤੀ ਮੋਨੀਕਾ
6. ਕਲਰਕ : ਖਾਲੀ
7. ਕਲਰਕ : ਸ੍ਰੀਮਤੀ ਨਿਸ਼ਾ ਰਾਣੀ
8. ਸਟੈਨੋਗ੍ਰਾਫਰ – ਸ੍ਰੀਮਤੀ ਰਜਨਪਾਲ ਕੌਰ
9. ਲਾਇਬਰੇਰੀਅਨ: (ੳ) ਖਾਲੀ (ਅ) ਖਾਲੀ
10. ਲਾਇਬਰੇਰੀ ਅਟੈਂਡੈਂਟ: ਖਾਲੀ
11. ਜੇ.ਐਲ.ਏ. (ੳ) ਖਾਲੀ (ਅ) ਖਾਲੀ (ੲ) ਖਾਲੀ
12. ਸੇਵਾਦਾਰ: (ੳ) ਖਾਲੀ (ਅ) ਖਾਲੀ (ੲ) ਖਾਲੀ
13. ਸਫਾਈ ਸੇਵਕ: ਸ੍ਰੀ ਸੋਨੂੰ ਬਹਾਦਰ
14. ਮਾਲੀ: (ੳ) ਖਾਲੀ (ਅ) ਖਾਲੀ
15. ਚੌਕੀਦਾਰ: ਖਾਲੀ

## ਪੜ੍ਹਾਏ ਜਾਣ ਵਾਲੇ ਕੋਰਸ

- ਬੀ.ਏ.
- ਬੀ.ਕਾਮ.
- ਬੀ.ਸੀ.ਏ
- ਪੀ.ਜੀ.ਡੀ.ਸੀ.ਏ.
- ਐਮ.ਏ. (ਰਾਜਨੀਤੀ ਸ਼ਾਸਤਰ)
- ਐਮ.ਏ. (ਪੰਜਾਬੀ)

ਨੋਟ: ਬੀ.ਸੀ.ਏ. ਅਤੇ ਪੀ.ਜੀ.ਡੀ.ਸੀ.ਏ. ਦੇ ਕੋਰਸ ਕਾਲਜ ਵਿਖੇ ਚੱਲ ਰਹੀ ਐੱਚ.ਈ.ਆਈ.ਐੱਸ. ਸੁਸਾਇਟੀ (Higher Education Institute Society) ਅਧੀਨ ਚੱਲ ਰਹੇ ਹਨ।

## ਦਾਖਲਾ/ਅਨੁਸਾਸ਼ਨ/ਚਿਤਾਵਨੀਆਂ/ਮਨਾਹੀਆਂ

### ਦਾਖ਼ਲੇ ਲਈ ਸਾਂਝੇ ਨਿਯਮ

1) ਸਰੀਰਕ ਸਿੱਖਿਆ ਵਿਸ਼ਾ ਰੱਖਣ ਲਈ ਟਰਾਇਲ ਉਪਰੰਤ ਮੈਰਿਟ ਬਣੇਗੀ। ਮੈਰਿਟ ਦੇ ਅਧਾਰ 'ਤੇ ਹੀ ਵਿਦਿਆਰਥੀਆਂ ਨੂੰ ਸਰੀਰਕ ਸਿੱਖਿਆ ਵਿਸ਼ਾ ਰੱਖਣ ਦੀ ਆਗਿਆ ਹੋਵੇਗੀ।

2) ਡਰੱਗ ਐਬਿਊਜ਼ ਦਾ ਵਿਸ਼ਾ ਬੀ.ਏ., ਬੀ.ਕਾਮ., ਅਤੇ ਬੀ.ਸੀ.ਏ. ਭਾਗ ਪਹਿਲਾ (ਸਮੈਸਟਰ ਦੂਜਾ) ਵਿੱਚ ਪਾਸ ਕਰਨਾ ਲਾਜ਼ਮੀ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਵਾਤਾਵਰਨ ਸਿੱਖਿਆ ਦਾ ਵਿਸ਼ਾ ਬੀ.ਏ., ਬੀ.ਕਾਮ., ਬੀ.ਐਸ.ਸੀ. (ਨਾਨ-ਮੈਡੀਕਲ) ਅਤੇ ਬੀ.ਸੀ.ਏ. ਭਾਗ ਦੂਜਾ (ਸਮੈਸਟਰ ਤੀਜਾ) ਵਿਚ ਪਾਸ ਕਰਨਾ ਜ਼ਰੂਰੀ ਹੈ।

3) ਪੰਜਾਬ ਤੋਂ ਬਾਹਰ ਦੇ ਰਾਜਾਂ ਦੇ ਫ਼ੌਜੀਆਂ/ਨੀਮ ਫ਼ੌਜੀਆਂ, ਸਰਕਾਰੀ/ਨੀਮ/ਸਰਕਾਰੀ ਮੁਲਾਜ਼ਮਾਂ ਦੇ ਬੱਚੇ ਜੋ ਮੌਜੂਦਾ ਦਾਖ਼ਲੇ ਤੋਂ ਪਹਿਲਾਂ ਦਸ ਸਾਲ ਤਕ ਪੰਜਾਬ ਤੋਂ ਬਾਹਰ ਪੜ੍ਹਦੇ ਰਹੇ ਹੋਣ ਤੇ ਉਹ ਪੰਜਾਬ ਦੇ ਵਾਸੀ ਨਾ ਹੋਣ ਅਤੇ ਨਾ ਹੀ ਉਨ੍ਹਾਂ ਨੇ ਮੈਟ੍ਰਿਕ ਜਾਂ 10+2 ਤਕ ਪੰਜਾਬੀ ਭਾਸ਼ਾ, ਵਿਸ਼ੇ ਵਜੋਂ ਪੜ੍ਹੀ ਹੋਵੇ ਉਨ੍ਹਾਂ ਨੂੰ ਪੰਜਾਬੀ ਲਾਜ਼ਮੀ ਵਿਸ਼ੇ ਤੋਂ ਛੋਟ ਸਿਰਫ਼ ਇਸ ਕਰਕੇ ਹੀ ਮਿਲ ਸਕਦੀ ਹੈ ਕਿ ਉਨ੍ਹਾਂ ਦੀ ਮਾਂ ਬੋਲੀ ਪੰਜਾਬੀ ਨਾ ਹੋਵੇ। ਅਜਿਹੇ ਵਿਦਿਆਰਥੀ ਨੂੰ ਪੰਜਾਬੀ ਵਿਸ਼ੇ ਦੀ ਥਾਂ ਪੰਜਾਬ ਦਾ ਇਤਿਹਾਸ ਤੇ ਸਭਿਆਚਾਰ ਵਿਸ਼ਾ ਪੜ੍ਹਨਾ ਪਵੇਗਾ। ਇਸ ਵਿਸ਼ੇ ਦੀ ਤਿਆਰੀ ਉਸ ਨੂੰ ਆਪ ਕਰਨੀ ਪਵੇਗੀ, ਕਾਲਜ ਵੱਲੋਂ ਇਸ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਾਵੇਗਾ। ਇਸ ਸਬੰਧੀ ਵਿਦਿਆਰਥੀ ਆਪਣਾ ਹਲਫ਼ੀਆ ਬਿਆਨ ਦਾਖ਼ਲਾ ਫਾਰਮ ਦੇ ਨਾਲ ਲਾਵੇਗਾ।

4) ਰਾਖਵੀਂ ਸੀਟ 'ਤੇ ਦਾਖ਼ਲਾ ਲੈਣ ਲਈ ਦਾਖ਼ਲਾ ਫਾਰਮ 'ਤੇ ਰਾਖਵੀਂ ਸ਼੍ਰੇਣੀ ਲਿਖਣ ਅਤੇ ਸਮਰੱਥ ਅਧਿਕਾਰੀ ਦੇ ਸਰਟੀਫਿਕੇਟ ਦੀ ਸਵੈ-ਤਸਦੀਕੀ ਫੋਟੋ-ਕਾਪੀ ਨਾਲ ਨੱਥੀ ਕਰਨ 'ਤੇ ਹੀ ਉਮੀਦਵਾਰ ਨੂੰ ਰਾਖਵੀਂ ਸੀਟ ਦਾ ਲਾਭ ਮਿਲੇਗਾ।

5) ਜਿਨ੍ਹਾਂ ਕਲਾਸਾਂ ਦਾ ਨਤੀਜਾ ਯੂਨੀਵਰਸਿਟੀ ਵੱਲੋਂ ਲੇਟ ਘੋਸ਼ਿਤ ਕੀਤਾ ਜਾਂਦਾ ਹੈ, ਉਨ੍ਹਾਂ ਕਲਾਸਾਂ ਦੇ ਵਿਦਿਆਰਥੀ ਅਗਲੀ ਕਲਾਸ ਵਿਚ ਦਾਖਲਾ ਲੈਣ ਲਈ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ ਤਿੰਨ ਦਿਨਾਂ ਦੇ ਅੰਦਰ-ਅੰਦਰ ਅਪਲਾਈ ਕਰਨ। ਇੰਟਰਵਿਊ ਦੀ ਮਿਤੀ ਸਬੰਧੀ ਸੂਚਨਾ ਫੋਨ ਜਾਂ ਮੈਸਜ਼ ਰਾਹੀਂ ਦਿੱਤੀ ਜਾਵੇਗੀ।

6) ਦਾਖ਼ਲਾ ਲੈਣ ਵਾਲੇ ਉਮੀਦਵਾਰ ਖ਼ੁਦ ਹਾਜ਼ਰ ਹੋਣਗੇ।

7) ਦਾਖ਼ਲਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਨੂੰ ਉਸੇ ਦਿਨ ਚਲਾਨ ਜਨਰੇਟ ਕੀਤਾ ਜਾਵੇਗਾ। ਫੀਸ/ਫੰਡ ਚਲਾਨ ਦੀ ਮਿਆਦ ਤੱਕ ਜਮ੍ਹਾਂ ਕਰਵਾਉਣੇ ਪੈਣਗੇ, ਨਹੀਂ ਤਾਂ ਉਸ ਦਾ ਦਾਖ਼ਲਾ ਰੱਦ ਕਰਕੇ ਉਸ ਦੀ ਥਾਂ 'ਤੇ ਅਗਲੇ ਵਿਦਿਆਰਥੀ ਨੂੰ ਦਾਖ਼ਲ ਕਰ ਲਿਆ ਜਾਵੇਗਾ।

8) ਦਾਖਲਾ ਲੈਣ ਵੇਲੇ ਜਿਹੜੇ ਵੀ ਸਰਟੀਫਿਕੇਟ ਵਿਦਿਆਰਥੀ ਪੇਸ਼ ਕਰੇਗਾ, ਉਨ੍ਹਾਂ ਦੀ ਪੁੱਛ ਪੜਤਾਲ ਸਬੰਧਿਤ ਅਧਿਕਾਰੀ ਪਾਸੋਂ ਕਰਵਾਈ ਜਾ ਸਕਦੀ ਹੈ।

9) ਐਸ.ਸੀ. ਅਤੇ ਬੀ.ਸੀ ਵਰਗ ਨਾਲ ਸਬੰਧਿਤ ਵਿਦਿਆਰਥੀ ਆਪਣਾ ਵਜ਼ੀਫ਼ਾ ਫਾਰਮ ਆਨ ਲਾਈਨ ਭਰਨਗੇ ਅਤੇ ਇਸ ਦੀ ਹਾਰਡ ਕਾਪੀ ਦਫ਼ਤਰ ਵਿਖੇ ਜਮ੍ਹਾਂ ਕਰਵਾਉਣਗੇ।

10) ਸਰਕਾਰ ਦੀਆਂ ਹਦਾਇਤਾਂ ਜਾਂ ਸਥਾਨਕ ਹਾਲਾਤ ਨੂੰ ਮੁੱਖ ਰੱਖਦਿਆਂ ਵਿਦਿਆਰਥੀਆਂ ਦੀ ਭਲਾਈ ਲਈ ਕਾਲਜ ਪ੍ਰਿੰਸੀਪਲ ਉਪਰੋਕਤ ਨਿਯਮਾਂ ਵਿੱਚ ਤਬਦੀਲੀ ਕਰ ਸਕਦਾ ਹੈ।

ਨੋਟ

1) ਜੇਕਰ ਕੋਈ ਵਿਦਿਆਰਥੀ ਕਿਸੇ ਵੀ ਗਲਤ ਬਿਆਨੀ ਕਰਕੇ ਜਾਂ ਗਲਤ ਸਰਟੀਫਿਕੇਟ ਦੇ ਕੇ ਕਾਲਜ ਵਿੱਚ ਦਾਖ਼ਲ ਹੋ ਜਾਂਦਾ ਹੈ ਤਾਂ ਕਿਸੇ ਵੀ ਸਮੇਂ ਪਤਾ ਲੱਗਣ ਤੇ ਉਸ ਦਾ ਦਾਖ਼ਲਾ ਖ਼ਾਰਜ ਕੀਤਾ ਜਾ ਸਕਦਾ ਹੈ ਅਤੇ ਉਸ ਵਿਰੁੱਧ ਕਾਨੂੰਨੀ/ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ। ਉਸ ਵਿਦਿਆਰਥੀ ਦੀ ਫ਼ੀਸ ਵਾਪਸ ਨਹੀਂ ਕੀਤੀ ਜਾਵੇਗੀ।
2) ਕਿਸੇ ਵੀ ਸ਼੍ਰੇਣੀ/ਵਿਸ਼ੇ ਵਿੱਚ ਦਾਖ਼ਲ ਕੀਤੇ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਦਾਖ਼ਲੇ ਸਮੇਂ ਸਟਾਫ਼ ਦੀ ਉਪਲੱਭਤਾ ਅਨੁਸਾਰ ਨਿਸਚਿਤ ਕੀਤੀ ਜਾਵੇਗੀ।
3) ਕਾਲਜ ਵਿੱਚ ਦਾਖ਼ਲ ਹੋਇਆ ਵਿਦਿਆਰਥੀ ਕੋਰਸ ਦੀ ਮਿਆਦ ਦੌਰਾਨ ਕਿਸੇ ਹੋਰ ਸੰਸਥਾ ਵਿੱਚ ਦਾਖ਼ਲ ਨਹੀਂ ਹੋ ਸਕਦਾ ਅਤੇ ਕਾਲਜ ਸਮੇਂ ਦੌਰਾਨ ਕਿਸੇ ਵੀ ਥਾਂ ਤੇ ਨੌਕਰੀ ਨਹੀਂ ਕਰ ਸਕਦਾ ਹੈ। ਅਜਿਹਾ ਕਰਨ ਵਾਲੇ ਵਿਦਿਆਰਥੀ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
4) ਡੀ.ਪੀ.ਆਈ. (ਕ) ਪੰਜਾਬ ਪੱਤਰ ਨੰਬਰ 15/24ਸ91 ਦੇ ਕਾਅ(4) ਮਿਤੀ 06-04-1991 ਅਨੁਸਾਰ 15 ਵਿਦਿਆਰਥੀਆਂ ਤੋਂ ਘੱਟ ਹੋਣ ਦੀ ਸੂਰਤ ਵਿੱਚ ਵਿਸ਼ਾ/ਕਲਾਸ ਚਾਲੂ ਨਹੀਂ ਕੀਤੀ ਜਾਵੇਗੀ। ਉਨ੍ਹਾਂ ਵਿਸ਼ਿਆਂ/ਸ਼੍ਰੇਣੀਆਂ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਨੂੰ ਆਪਣਾ ਵਿਸ਼ਾ ਬਦਲਣਾ ਪਵੇਗਾ।

<u>ਦਾਖਲਾ ਫਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼</u>

ੳ) **ਆਚਰਨ ਸਬੰਧੀ ਸਰਟੀਫਿਕੇਟ**:- ਇਸ ਕਾਲਜ ਵਿਚ ਪਹਿਲੀ ਵਾਰ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਲਈ ਇਹ ਸਰਟੀਫਿਕੇਟ ਉਸ ਸੰਸਥਾ ਦੇ ਮੁਖੀ ਵੱਲੋਂ ਪ੍ਰਦਾਨ ਕੀਤਾ ਹੋਵੇ ਜਿੱਥੋਂ ਉਸ ਨੇ ਪਿਛਲੀ ਕਲਾਸ ਪਾਸ ਕੀਤੀ ਹੋਵੇ। ਪ੍ਰਾਈਵੇਟ ਵਿਦਿਆਰਥੀ ਇਹ ਸਰਟੀਫਿਕੇਟ ਪਿੰਡ ਦੇ ਸਰਪੰਚ ਜਾਂ ਸ਼ਹਿਰ ਦੇ ਐਮ.ਸੀ. ਵੱਲੋਂ ਵੀ ਪ੍ਰਾਪਤ ਸਕਦੇ ਹਨ। ਇਹ ਸਰਟੀਫਿਕੇਟ ਦਾਖ਼ਲ ਹੋਣ ਵੇਲੇ ਤਿੰਨ ਮਹੀਨੇ ਤੋਂ ਵੱਧ ਪੁਰਾਣਾ ਨਾ ਹੋਵੇ ਇਸ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਲਈ ਅਜਿਹੇ ਸਰਟੀਫਿਕੇਟ ਦੀ ਲੋੜ ਨਹੀਂ, ਪਰ ਬਾਕੀ ਹੋਰ ਸਾਰੇ ਵਿਦਿਆਰਥੀਆਂ ਲਈ ਆਚਰਨ ਸਬੰਧੀ ਅਸਲ ਸਰਟੀਫਿਕੇਟ ਦੀ ਸਵੈ-ਤਸਦੀਕੀ ਫੋਟੋ ਕਾਪੀ ਦਾਖ਼ਲਾ ਫਾਰਮ ਨਾਲ ਲਗਾਉਣੀ ਜ਼ਰੂਰੀ ਹੈ।

ਅ) **ਪਿਛਲੀ ਕਲਾਸ ਦੀ ਪ੍ਰੀਖਿਆ ਪਾਸ ਕਰਨ ਸਬੰਧੀ ਸਰਟੀਫਿਕੇਟ (ਡੀ.ਐਮ.ਸੀ.)**:- ਵਿਦਿਆਰਥੀ ਆਪਣੇ ਦਾਖ਼ਲਾ ਫਾਰਮ ਨਾਲ ਆਪਣੀ ਪਿਛਲੀ ਕਲਾਸ ਦੀ ਪ੍ਰੀਖਿਆ ਦੇ ਪਾਸ ਕਰਨ ਦੇ ਅਸਲ ਸਰਟੀਫਿਕੇਟ (ਡੀ.ਐਮ.ਸੀ.) ਦੀ ਸਵੈ-ਤਸਦੀਕੀ ਫੋਟੋ ਕਾਪੀ ਜ਼ਰੂਰ ਲਗਾਉਣ।

ੲ) **ਜਨਮ ਮਿਤੀ ਸਬੰਧੀ ਸਰਟੀਫਿਕੇਟ**:- ਹਰੇਕ ਵਿਦਿਆਰਥੀ ਆਪਣੇ ਦਾਖ਼ਲਾ ਫਾਰਮ ਨਾਲ ਜਨਮ ਅਸਲ ਸਰਟੀਫਿਕੇਟ (ਜਿਵੇਂ ਮੈਟ੍ਰਿਕ ਦਾ ਸਰਟੀਫਿਕੇਟ)ਦੀ ਸਵੈ-ਤਸਦੀਕੀ ਫੋਟੋ ਕਾਪੀ ਜ਼ਰੂਰ ਲਗਾਉਣ। ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨੂੰ ਲੋੜ ਨਹੀਂ।

ਸ) **ਜਾਤੀ ਸਬੰਧੀ ਸਰਟੀਫਿਕੇਟ**:- ਅਨੁਸੂਚਿਤ ਜਾਤੀ (ਐਸ.ਸੀ.)/ਅਨੁਸੂਚਿਤ ਕਬੀਲਿਆਂ (ਐਸ.ਟੀ.) ਅਤੇ ਪਛੜੀਆਂ ਸ਼੍ਰੇਣੀਆਂ (ੳ.ਬੀ.ਸੀ.) ਨਾਲ ਸਬੰਧਿਤ ਵਿਦਿਆਰਥੀ ਹੋਣ ਦੀ ਹਾਲਤ ਵਿੱਚ ਉਨ੍ਹਾਂ ਦੀ ਜਾਤੀ ਸਬੰਧੀ ਅਸਲੀ ਸਰਟੀਫਿਕੇਟ ਜਿਸ ਉੱਤੇ ਉਨ੍ਹਾਂ ਦੇ ਮਾਪਿਆਂ/ਸਰਪ੍ਰਸਤ ਦੀ ਸਾਲਾਨਾ ਆਮਦਨ (ਸਾਰੇ ਵਸੀਲਿਆਂ ਸਮੇਤ) ਅਤੇ ਕਿਤੇ, ਜਾਤੀ ਦਾ ਵਰਣਨ ਕੀਤਾ ਹੋਵੇ. ਦੀ ਸਵੈ-ਤਸਦੀਕੀ ਫੋਟੋ ਕਾਪੀ ਦਾਖ਼ਲਾ ਫਾਰਮ ਨਾਲ ਲੱਗੀ ਹੋਣੀ ਚਾਹੀਦੀ ਹੈ। ਇਹ ਸਰਟੀਫਿਕੇਟ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਹੋਵੇ ।

ਹ) **ਮਾਈਗ੍ਰੇਸ਼ਨ ਸਬੰਧੀ ਸਰਟੀਫਿਕੇਟ**:- ਕਿਸੇ ਹੋਰ ਯੂਨੀਵਰਸਿਟੀ/ਬੋਰਡ ਵਿੱਚ ਪੜ੍ਹੇ ਵਿਦਿਆਰਥੀ ਨੂੰ ਆਪਣਾ ਯੂਨੀਵਰਸਿਟੀ/ਬੋਰਡ ਬਦਲੀ ਕਰਨ ਦਾ ਪ੍ਰਮਾਣ-ਪੱਤਰ ਜ਼ਰੂਰ ਦੇਣਾ ਪਵੇਗਾ। ਦਾਖ਼ਲਾ ਫਾਰਮ ਨਾਲ ਅਸਲ ਸਰਟੀਫਿਕੇਟ ਦੀ ਸਵੈ-ਤਸਦੀਕੀ ਫੋਟੋ ਕਾਪੀ ਦਾਖ਼ਲਾ ਫਾਰਮ ਨਾਲ ਜ਼ਰੂਰ ਲਗਾਈ ਜਾਵੇ।

ਕ) **ਪਾਸਪੋਰਟ ਸਾਈਜ਼ ਫੋਟੋ ਸਬੰਧੀ**:- ਹਰੇਕ ਵਿਦਿਆਰਥੀ ਦਾਖ਼ਲਾ ਫਾਰਮ 'ਤੇ ਨਿਸ਼ਚਿਤ ਸਥਾਨ ਉਪਰ ਪਾਸਪੋਰਟ ਸਾਈਜ਼ ਦੀ ਫ਼ੋਟੋ (ਤਾਜਾ ਖਿੱਚੀ) ਗੂੰਦ ਨਾਲ ਚਿਪਕਾਵੇ। ਇਸ ਤੋਂ ਬਿਨਾਂ ਦਾਖ਼ਲਾ ਫਾਰਮ ਨਾਲ ਦੇ ਫੋਟੋਆਂ ਵੱਖਰੀਆਂ ਨੱਥੀ ਕੀਤੀਆਂ ਜਾਣ। ਤਿੰਨੋਂ ਫੋਟੋਆਂ ਇੱਕੋ ਤਰ੍ਹਾਂ ਦੀਆਂ ਹੋਣ।

ਖ) **ਬਲੱਡ ਗਰੁੱਪ ਸਬੰਧੀ ਰਿਪੋਰਟ**:- ਕਾਲਜ ਵਿਚ ਦਾਖ਼ਲ ਹੋਣ ਵਾਲਾ ਹਰੇਕ ਵਿਦਿਆਰਥੀ ਆਪਣੇ ਬਲੱਡ ਗਰੁੱਪ ਦੀ ਅਸਲ ਰਿਪੋਰਟ ਦੀ ਸਵੈ-ਤਸਦੀਕੀ ਫੋਟੋ ਕਾਪੀ ਆਪਣੇ ਦਾਮਲਾ ਫਾਰਮ ਨਾਲ ਨੱਥੀ ਕਰੇ।

ਗ) **ਰਿਹਾਇਸ਼ ਸਬੰਧੀ ਸਬੂਤ**:- ਵਿਦਿਆਰਥੀ ਆਪਣੀ ਪੱਕੀ ਰਿਹਾਇਸ ਸੰਬੰਧੀ ਆਧਾਰ ਕਾਰਡ/ਰਾਸ਼ਨ ਕਾਰਡ/ਵੋਟਰ ਕਾਰਡ/ਡਰਾਈਵਿੰਗ ਲਾਇਸੰਸ ਜਾਂ ਕੋਈ ਹੋਰ ਪੱਕਾ ਸਬੂਤ ਫਾਰਮ ਨਾਲ ਨੱਥੀ ਕਰੇ।

ਘ) ਆਧਾਰ ਕਾਰਡ ਅਤੇ ਈਮੇਲ ਸਬੂਤ ਵਜੋਂ ਨਾਲ ਨੱਥੀ ਕੀਤੇ ਜਾਣ।

ਵਿਦਿਆਰਥੀ ਦਾਖਲਾ ਫਾਰਮ ਵਿੱਚ ਚਾਲੂ ਹਾਲਤ ਵਾਲਾ ਪਰਮਾਨੈਂਟ ਮੋਬਾਇਲ ਨੰਬਰ ਹੀ ਭਰੇ। ਕੋਰਸ ਪੂਰਾ ਹੋਣ ਤੱਕ ਇਹ ਨੰਬਰ ਨਾ ਬਦਲਿਆ ਜਾਵੇ।

## ਇੰਟਰਵਿਊ ਸਬੰਧੀ ਹਦਾਇਤ:

ਦਾਖ਼ਲ ਹੋਣ ਵਾਲਾ ਵਿਦਿਆਰਥੀ ਨਿੱਜੀ ਤੌਰ ਤੇ ਦਾਖ਼ਲਾ ਕਮੇਟੀ ਸਾਹਮਣੇ ਹਾਜ਼ਰ ਹੋਵੇਗਾ। ਉਸ ਦੀ ਗ਼ੈਰ-ਹਾਜ਼ਰੀ ਵਿੱਚ ਕਿਸੇ ਵੀ ਹਾਲਤ ਵਿੱਚ ਦਾਖ਼ਲਾ ਨਹੀਂ ਦਿੱਤਾ ਜਾਵੇਗਾ। ਕਮੇਟੀ ਉਸ ਨੂੰ ਆਪਣੀ ਪਹਿਚਾਣ ਸਾਬਤ ਕਰਨ ਲਈ ਕਹਿ ਸਕਦੀ ਹੈ। ਇੰਟਰਵਿਊ ਮੌਕੇ ਵਿਦਿਆਰਥੀ ਆਪਣਾ ਅਸਲੀ ਸਰਟੀਫਿਕੇਟ ਛਾਣਬੀਣ ਦੀ ਖ਼ਾਤਰ ਕਮੇਟੀ ਅੱਗੇ ਪੇਸ਼ ਕਰੇਗਾ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਉਸ ਨੂੰ ਦਾਖ਼ਲੇ ਲਈ ਨਹੀਂ ਵਿਚਾਰਿਆ ਜਾਵੇਗਾ।

## ਕਲਾਸਾਂ ਦਾ ਟਾਇਮ-ਟੇਬਲ

1) ਕਲਾਸਾਂ ਕਾਲਜ ਵੱਲੋਂ ਨਿਰਧਾਰਿਤ ਟਾਇਮ-ਟੇਬਲ ਅਨੁਸਾਰ ਲੱਗਣਗੀਆਂ।
2) ਵਿਦਿਆਰਥੀਆਂ ਨੂੰ ਟਾਇਮ-ਟੇਬਲ ਅਤੇ ਸੈਕਸ਼ਨ ਦੀ ਵੰਡ ਬਾਰੇ ਜਾਣਕਾਰੀ ਆਮ ਇਕੱਠ ਕਰਕੇ/ਨੋਟਿਸ ਬੋਰਡ/ ਵਿਭਾਗਾਂ ਦੇ ਮੁਖੀਆਂ ਰਾਹੀਂ ਦਿੱਤੀ ਜਾਵੇਗੀ।
3) ਸਿਰਫ਼ ਵਿਭਾਗ ਦੇ ਮੁਖੀ ਦੁਆਰਾ ਦਿੱਤੇ ਗਏ ਸੈਕਸ਼ਨ ਵਿੱਚ ਹੀ ਵਿਦਿਆਰਥੀ ਨੂੰ ਕਲਾਸ ਲਗਾਉਣ ਦੀ ਆਗਿਆ ਦਿੱਤੀ ਜਾਵੇਗੀ।

## ਵਿਸ਼ਿਆਂ ਦੀ ਬਦਲੀ ਸੰਬੰਧੀ

1) ਯੂਨੀਵਰਸਿਟੀ ਵੱਲੋਂ ਨਿਰਧਾਰਿਤ ਬਿਨਾਂ ਲੇਟ ਫੀਸ ਦਾਖ਼ਲੇ ਦੀ ਮਿਤੀ ਤੋਂ 3 ਹਫ਼ਤਿਆਂ ਦੇ ਵਿੱਚ (ਉਸ ਵਿਸ਼ੇ ਦੀ ਸੀਟ ਖ਼ਾਲੀ ਹੋਣ ਤੇ) ਹੀ ਵਿਸ਼ਾ ਬਦਲੀ ਕੀਤੀ ਜਾ ਸਕਦੀ ਹੈ।
2) ਪ੍ਰਿੰਸੀਪਲ ਵੱਲੋਂ ਵਿਸ਼ਾ ਬਦਲਣ ਦੀ ਮੰਨਜੂਰੀ ਪਿੱਛੋਂ ਵਿਦਿਆਰਥੀ ਦੀ ਜ਼ਿੰਮੇਵਾਰੀ ਹੋਵੇਗੀ ਕਿ ਛੱਡੇ ਗਏ ਵਿਸ਼ੇ ਦੇ ਪ੍ਰਾਧਿਆਪਕ ਕੋਲ ਹਾਜ਼ਰੀ ਰਜਿਸਟਰ ਵਿੱਚੋਂ ਆਪਣਾ ਨਾਮ ਕਟਵਾ ਕੇ ਨਵੇਂ ਪ੍ਰਾਧਿਆਪਕ ਕੋਲ ਹਾਜ਼ਰੀ ਰਜਿਸਟਰ ਵਿੱਚ ਆਪਣਾ ਨਾਮ ਦਰਜ ਕਰਵਾਏਗਾ।

ਨੋਟ:- ਵਿਦਿਆਰਥੀ ਆਪਣੀ ਕਲਾਸ ਦੇ ਰੋਲ ਨੰਬਰ ਅਨੁਸਾਰ ਟਿਊਟਰ ਕੋਲ ਵੀ ਵਿਸ਼ਾ ਬਦਲੀ ਦੀ ਸੂਚਨਾ ਦਰਜ ਕਰਵਾਏਗਾ।

## ਨਤੀਜਾ ਲੇਟ ਨਿਕਲਣ ਸੰਬੰਧੀ

ਜਿਨ੍ਹਾਂ ਵਿਦਿਆਰਥੀਆਂ ਦਾ ਬੋਰਡ/ਯੂਨੀਵਰਸਿਟੀ ਦਾ ਨਤੀਜਾ ਦੇਰੀ ਨਾਲ ਨਿਕਲਦਾ ਹੈ, ਉਨ੍ਹਾਂ ਵਿਦਿਆਰਥੀਆਂ

ਨੂੰ ਨਿਰਧਾਰਿਤ ਸਮੇਂ ਅੰਦਰ ਦਾਖ਼ਲ ਹੋਣ ਉਪਰੰਤ ਸਬੰਧਿਤ ਅਧਿਕਾਰੀ/ਅਧਿਆਪਕ ਕੋਲ ਆਪਣੇ ਨਤੀਜੇ ਨਿਕਲਣ ਦੀ ਮਿਤੀ ਆਪ ਲਿਖਾਉਣੀ ਹੋਵੇਗੀ, ਤਾਂ ਕਿ ਅਜਿਹੇ ਵਿਦਿਆਰਥੀ ਦੇ ਲੈਕਚਰ ਨੂੰ ਲੇਟ-ਦਾਖਲ ਹੋਣ ਦੀ ਮਿਤੀ ਤੋਂ ਗਿਣਿਆ ਜਾ ਸਕੇ।

## ਕਾਲਜ ਨੋਟਿਸ ਬੋਰਡ ਬਾਰੇ

ਵਿਦਿਆਰਥੀਆਂ ਸਬੰਧੀ ਕੋਈ ਵੀ ਸੂਚਨਾ ਕਾਲਜ ਨੋਟਿਸ ਬੋਰਡ ਉੱਤੇ ਲਾਈ ਜਾਵੇਗੀ ਅਤੇ ਕਾਲਜ ਦਫਤਰ ਵੱਲੋਂ ਵਿਦਿਆਰਥੀਆਂ ਸਬੰਧੀ ਕੋਈ ਵੀ ਸੂਚਨਾ/ਜਾਣਕਾਰੀ ਉਨ੍ਹਾਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਦੇ ਘਰ ਭੇਜਣ ਦਾ ਪ੍ਰਬੰਧ) ਨਹੀਂ ਕਰੇਗਾ। ਹਰੇਕ ਸੂਚਨਾ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੈ।ਮਾਪਿਆਂ/ਸਰਪ੍ਰਸਤਾਂ ਨੂੰ ਬੇਨਤੀ ਹੈ ਕਿ ਵਿਦਿਆਰਥੀਆਂ ਦੀ ਹਾਜਰੀ ਅਤੇ ਲੈਕਚਰ ਸਾਰਟੇਜ ਬਾਰੇ ਕਾਲਜ ਦੇ ਪ੍ਰੋਫੈਸਰਾਂ ਨਾਲ ਸੰਪਰਕ ਰੱਖਣ ਅਤੇ ਵਿਦਿਆਰਥੀ ਹਰ ਰੋਜ਼ ਨੋਟਿਸ ਬੋਰਡ ਪੜ੍ਹਨ। ਪ੍ਰਿੰਸੀਪਲ ਦੀ ਆਗਿਆ ਬਿਨਾਂ ਵਿਦਿਆਰਥੀਆਂ ਲਈ ਨੋਟਿਸ ਬੋਰਡ ਅਤੇ ਦੀਵਾਰਾਂ ਉੱਤੇ ਕੋਈ ਵੀ ਇਸ਼ਤਿਹਾਰ/ਨੋਟਿਸ ਜਾਂ ਕਾਗਜ਼ਾਤ ਚਿਪਕਾਉਣਾ ਮਨ੍ਹਾ ਹੈ। ਉਲੰਘਣਾ ਕਰਨ ਵਾਲਿਆਂ ਲਈ ਬਣਦੀ ਅਨੁਸ਼ਾਸਨੀ ਕਾਰਵਾਈ ਹੋਵੇਗੀ।

## ਕਾਲਜ ਵਿੱਚ ਅਨੁਸ਼ਾਸਨ ਕਾਇਮ ਰੱਖਣ ਬਾਰੇ

1) ਕੋਈ ਵੀ ਵਿਦਿਆਰਥੀ ਕਾਲਜ ਕੈਂਪਸ ਵਿੱਚ ਸਿਰ ਉਤੇ ਟੋਪੀ ਜਾਂ ਪਟਕਾ ਪਹਿਨ ਕੇ ਨਹੀਂ ਆਵੇਗਾ ਅਤੇ ਆਪਣਾ ਸਹੀ ਪਹਿਰਾਵਾ ਰੱਖੇਗਾ।
2) ਕਾਲਜ ਪ੍ਰਿੰਸੀਪਲ ਦੀ ਮਨਜ਼ੂਰੀ ਤੋਂ ਬਿਨਾਂ ਕੋਈ ਵੀ ਵਿਦਿਆਰਥੀ ਕਾਲਜ ਕੈਂਪਸ ਵਿਚ ਕੋਈ ਮੀਟਿੰਗ ਜਾਂ ਸਮਾਗਮ ਨਹੀਂ ਕਰ ਸਕਦੇ।
3) ਜੇਕਰ ਕੋਈ ਵੀ ਵਿਦਿਆਰਥੀ ਆਪਣੇ ਕਲਾਸ ਰੂਮ ਵਿਚ (ਜਿਵੇਂ ਪੇਖੇ, ਫਰਨੀਚਰ ਅਤੇ ਕੰਪਿਊਟਰ ਲੈਬ ਆਦਿ) ਕੋਈ ਵੀ ਨੁਕਸਾਨ ਕਰੇਗਾ ਤਾਂ ਉਨ੍ਹਾਂ ਦੀ ਰਿਪੋਰਟ ਕਲਾਸ ਦੇ ਵਿਦਿਆਰਥੀ ਆਪਣੇ ਕਲਾਸ ਟਿਊਟਰ ਅਤੇ ਚੀਫ਼ ਟਿਊਟਰ ਰਾਹੀਂ ਪ੍ਰਿੰਸੀਪਲ ਨੂੰ ਕਰਨਗੇ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨੁਕਸਾਨ ਦਾ ਹਰਜ਼ਾਨਾ ਅਤੇ ਜੁਰਮਾਨਾ ਸਾਰੀ ਜਮਾਤ ਤੋਂ ਵਸੂਲਿਆ ਜਾਵੇਗਾ ਅਤੇ ਬਣਦੀ ਅਨੁਸ਼ਾਸਨੀ ਕਾਰਵਾਈ ਵੀ ਕੀਤੀ ਜਾਵੇਗੀ।
4) ਜੇਕਰ ਕੋਈ ਵਿਦਿਆਰਥੀ ਕਾਲਜ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਨਾਲ ਦੁਰਵਿਵਹਾਰ ਕਰਦਾ ਹੈ ਜਾਂ ਅਨੁਸ਼ਾਸਨ ਭੰਗ ਕਰਦਾ ਹੈ ਤਾਂ ਇਸ ਸਬੰਧੀ ਜੁਰਮਾਨਾ ਵੀ ਲਗਾਇਆ ਜਾਵੇਗਾ। ਉਸ ਦੇ ਆਚਰਨ ਸਰਟੀਫਿਕੇਟ ਵਿੱਚ ਇਸ ਸਬੰਧੀ ਇੰਦਰਾਜ ਵੀ ਕੀਤਾ ਜਾ ਸਕਦਾ ਹੈ। ਕਾਲਜ ਵਿੱਚੋਂ ਮੁਅੱਤਲ ਕੀਤਾ ਜਾ ਸਕਦਾ ਹੈ, ਕਾਲਜ ਵਿੱਚੋਂ ਬਾਹਰ ਕੱਢਿਆ ਜਾ ਸਕਦਾ ਹੈ ਜਾਂ ਪੁਲਿਸ ਪਾਸ ਰਿਪੋਰਟ ਦਰਜ ਕਰਵਾਈ ਜਾ ਸਕਦੀ ਹੈ।
5) ਉਹ ਵਿਦਿਆਰਥੀ ਜੋ ਕਾਲਜ ਵਿੱਚ ਅਨੁਸ਼ਾਸਨ ਭੰਗ ਕਰਨਗੇ ਅਤੇ ਗ਼ੈਰ ਸਮਾਜੀ ਜਾਂ ਸਮਾਜ ਵਿਰੋਧੀ ਕਾਰਜ ਕਰਨਗੇ ਅਤੇ ਕਾਲਜ ਸੰਪਤੀ ਨੂੰ ਨੁਕਸਾਨ ਪਹੁੰਚਾਉਣਗੇ, ਉਹਨਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
6) ਵਿਦਿਆਰਥੀ ਆਪਣਾ ਸ਼ਨਾਖ਼ਤੀ ਕਾਰਡ ਹਰ ਥਾਂ/ਹਰ ਸਮੇਂ ਆਪਣੇ ਪਾਸ ਰੱਖਣ। ਜਿਸ ਵਿਦਿਆਰਥੀ ਪਾਸ ਆਪਣਾ ਸ਼ਨਾਖਤੀ ਕਾਰਡ ਨਹੀਂ ਹੋਵੇਗਾ, ਉਸ ਨੂੰ 100/-ਰੂ ਜੁਰਮਾਨਾ ਕੀਤਾ ਜਾਵੇਗਾ।
7) ਕਾਲਜ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਬਾਹਰਲੇ ਕਾਲਜ ਦੇ ਵਿਦਿਆਰਥੀਆਂ ਨੂੰ ਆਪਣੇ ਕਾਲਜ ਕੈਂਪਸ ਅੰਦਰ ਨਾ ਆਉਣ ਦੇਣ। ਜੇਕਰ ਅਜਿਹਾ ਕੋਈ ਗੈਰ ਅਨਸਰ ਕਾਲਜ ਕੈਂਪਸ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸ ਦੀ ਰਿਪੋਰਟ ਤੁਰੰਤ ਹੀ ਕਾਲਜ ਪ੍ਰਿੰਸੀਪਲ/ਕਾਲਜ ਦਫਤਰ/ਅਨੁਸ਼ਾਸਨੀ ਕਮੇਟੀ/ ਕਿਸੇ ਵੀ ਕਾਲਜ ਅਧਿਕਾਰੀ ਨੂੰ ਕਰਨ।
8) ਵਿਦਿਆਰਥੀ ਆਪਣੀ ਕੋਈ ਵੀ ਸ਼ਿਕਾਇਤ ਅਤੇ ਸੁਝਾਅ, ਕਾਲਜ ਪ੍ਰਿੰਸੀਪਲ ਅਤੇ ਕਾਲਜ ਸ਼ਿਕਾਇਤ ਨਿਵਾਰਨ ਕਮੇਟੀ ਪਾਸ ਪੇਸ਼ ਕਰ ਸਕਦੇ ਹਨ।

9) ਬੱਸਾਂ ਗੱਡੀਆਂ ਵਿੱਚ ਲੜਾਈ-ਝਗੜੇ ਲਈ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਣਗੇ ਅਤੇ ਕਾਲਜ ਇਸ ਸਬੰਧੀ ਕਿਸੇ ਕਿਸਮ ਦੀ ਦਖਲ ਅੰਦਾਜ਼ੀ ਨਹੀਂ ਕਰੇਗਾ।

10) ਵਿਦਿਆਰਥੀਆਂ ਲਈ ਲੋੜੀਂਦੀ ਸੂਚਨਾ ਕਾਲਜ ਨੋਟਿਸ ਬੋਰਡ 'ਤੇ ਲਗਾਈ ਜਾਵੇਗੀ। ਵਿਦਿਆਰਥੀ ਨੂੰ ਚਾਹੀਦਾ ਹੈ ਕਿ ਹਰ ਰੋਜ਼ ਕਾਲਜ ਨੋਟਿਸ ਬੋਰਡ ਜ਼ਰੂਰ ਪੜ੍ਹਨ।

11) ਕਾਲਜ ਵਿਦਿਆਰਥੀ ਆਪਣੇ ਵਾਹਨਾਂ ਨੂੰ ਕਾਲਜ ਕੈਂਪਸ ਵਿੱਚ ਇੱਧਰ-ਉਧਰ ਆਪਣੀ ਮਨਮਰਜ਼ੀ ਨਾਲ ਨਾ ਖੜ੍ਹਾ ਕਰਨ, ਸਗੋਂ ਵਾਹਨਾਂ ਦੀ ਪਾਰਕਿੰਗ ਲਈ ਨਿਸ਼ਚਿਤ ਥਾਂ ਉੱਤੇ ਹੀ ਖੜ੍ਹਾ ਕਰਨ।

12) ਵਿਦਿਆਰਥੀ ਖ਼ਾਲੀ ਪੀਰੀਅਡ ਦੌਰਾਨ ਕਲਾਸ ਰੂਮਜ਼ ਨਾਲ ਲਗਦੇ ਬਰਾਂਡਿਆਂ ਵਿੱਚ ਮੋਬਾਇਲ ਚਲਾ ਕੇ ਨਾ ਘੁੰਮਦੇ ਫਿਰਦੇ ਰਹਿਣ। ਜੇਕਰ ਕੋਈ ਵਿਦਿਆਰਥੀ ਅਜਿਹਾ ਕਰਦਾ ਹੈ ਤਾਂ ਉਸ ਦਾ ਮੋਬਾਇਲ ਅਨੁਸ਼ਾਸ਼ਨੀ ਕਮੇਟੀ ਵੱਲੋਂ ਜ਼ਬਤ ਕੀਤਾ ਜਾ ਸਕਦਾ ਹੈ।

14) ਕਾਲਜ ਵਿਖੇ ਰੈਗਿੰਗ ਅਤੇ ਤੰਬਾਕੂ, ਸ਼ਰਾਬ ਅਤੇ ਡਰਗਜ਼ ਦੀ ਵਰਤੋਂ ਕਰਨਾ ਕਾਨੂੰਨਨ ਅਪਰਾਧ ਹੈ ਅਜਿਹਾ ਕਰਨ ਵਾਲੇ ਨੂੰ ਅਨੁਸ਼ਾਸਨੀ ਕਾਰਵਾਈ ਰਾਹੀਂ ਆਰਜ਼ੀ ਤੌਰ ਤੇ ਜਾਂ ਸਥਾਈ ਤੌਰ ਤੇ ਕਾਲਜ ਵਿੱਚੋਂ ਬਾਹਰ ਕੱਢਿਆ ਜਾ ਸਕਦਾ ਅਤੇ ਉਸ ਦੇ ਆਚਰਨ ਸਰਟੀਫਿਕੇਟ ਵਿੱਚ ਇੰਦਰਾਜ ਕੀਤਾ ਜਾ ਸਕਦਾ ਹੈ।

15) ਜੇਕਰ ਕੋਈ ਵਿਦਿਆਰਥੀ ਬਗੈਰ ਕਿਸੇ ਠੋਸ ਕਾਰਨ ਯੂਨੀਵਰਸਿਟੀ ਮੈਚ ਵਿੱਚ ਕਾਲਜ ਟੀਮ ਵੱਲੋਂ ਖੇਡਣ ਤੋਂ ਇਨਕਾਰ ਕਰੇਗਾ ਜਾਂ ਦੁਰ ਵਿਵਹਾਰ ਕਰੇਗਾ ਤਾਂ ਉਸ ਨੂੰ ਬਣਦਾ ਪੁਰਸਕਾਰ ਰੋਲ ਆਫ ਆਨਰ / ਕਾਲਜ ਕਲਰ ਮੈਰਿਟ ਸਰਟੀਫਿਕੇਟ ਨਹੀਂ ਦਿੱਤਾ ਜਾਵੇਗਾ ।

16) ਕਾਲਜ ਸਟਾਫ਼ ਅਤੇ ਕਾਲਜ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਅਲੱਗ-ਅਲੱਗ ਨਿਸ਼ਚਿਤ ਸਥਾਨਾਂ ਉੱਤੇ ਵਹੀਕਲ ਦੀ ਪਾਰਕਿੰਗ ਕਰਨ।

17) ਵਿਦਿਆਰਥੀ ਲਾਇਬਰੇਰੀ ਦੀ ਵਰਤੋਂ ਚੁੱਪ ਰਹਿ ਕੇ ਕਰਨ। ਮਰਿਆਦਾ ਭੰਗ ਕਰਨ ਵਾਲੇ ਨੂੰ ਲਾਇਬਰੇਰੀਅਨ, ਕਾਲਜ ਪ੍ਰਿੰਸੀਪਲ ਦੀ ਆਗਿਆ ਨਾਲ ਜੁਰਮਾਨਾ ਕਰ ਸਕਦਾ ਹੈ ਉਸ ਤੋਂ ਆਰਜੀ ਪੱਧਰ 'ਤੇ ਕੁੱਝ ਸਮੇਂ ਮਾਤਰ ਲਾਇਬਰੇਰੀ ਵਰਤਣ ਦੇ ਅਧਿਕਾਰ ਵਾਪਸ ਲਏ ਜਾ ਸਕਦੇ ਹਨ ।

## ਆਨਲਾਈਨ ਦਾਖਲਾ

ਵਿਦਿਆਰਥੀ ਬੀ.ਏ., ਬੀ.ਕਾਮ., ਬੀ.ਸੀ.ਏ., ਪੀ.ਜੀ.ਡੀ.ਸੀ.ਏ., ਐਮ.ਏ. (ਭਾਗ ਪਹਿਲਾ) ਦੇ ਦਾਖਲੇ ਲਈ ਆਨਲਾਈਨ Common Admission Portal Website: admission.punjab.gov.in ਤੇ ਜਾ ਕੇ ਰਜਿਸਟਰ ਹੋਣਗੇ। ਇਹ ਰਜਿਸਟ੍ਰੇਸ਼ਨ ਲਾਜਮੀ ਹੈ। ਭਾਗ ਦੂਜਾ ਅਤੇ ਤੀਜਾ ਦੇ ਦਾਖਲੇ ਕਾਲਜ ਦੀ ਵੈਬਸਾਈਟ nmgcmansa.ac.in ਤੇ ਹੀ ਹੋਣਗੇ। ਵਿਦਿਆਰਥੀ ਦਾਖਲਾ ਲੈਣ ਸਮੇਂ ਆਪਣੇ ਰਜਿਸਟ੍ਰੇਸ਼ਨ ਫਾਰਮ ਦਾ ਪ੍ਰਿੰਟ ਆਊਟ, ਦਸਤਾਵੇਜ਼ਾਂ ਦੀਆਂ ਫੋਟੋ ਕਾਪੀਆਂ ਅਤੇ ਅਸਲ ਸਰਟੀਫਿਕੇਟ ਨਾਲ ਲੈ ਕੇ ਆਉਣਗੇ। ਦਾਖਲੇ ਲਈ ਕੋਈ ਵੀ ਸੂਚਨਾ ਕਾਲਜ ਦੀ ਵੈਬਸਾਇਟ nmgcmansa.ac.in ਤੇ ਦੇਖੀ ਜਾ ਸਕਦੀ ਹੈ।

# ਵੱਖ-ਵੱਖ ਸ੍ਰੇਣੀਆਂ ਦੇ ਦਾਖ਼ਲੇ ਸੰਬੰਧੀ ਨਿਯਮ

**ਦਾਖ਼ਲਾ ਕੋਰਸਾਂ ਵਿਚ ਯੋਗਤਾਵਾਂ ਅਤੇ ਵਿਸ਼ਿਆਂ ਬਾਰੇ**

ਇਹ ਕਾਲਜ ਬੀ.ਏ./ਬੀ.ਕਾਮ./ਬੀ.ਸੀ.ਏ., ਐਮ.ਏ. (ਰਾਜਨੀਤੀ ਸ਼ਾਸਤਰ ਅਤੇ ਪੰਜਾਬੀ ਲਈ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਿਤ ਹੈ।

**ਬੀ.ਏ ਭਾਗ ਪਹਿਲਾ, ਦੂਜਾ ਅਤੇ ਤੀਜਾ ਵਿੱਚ ਦਾਖ਼ਲੇ ਲਈ ਯੋਗਤਾਵਾਂ**:-

ਬੀ.ਏ ਭਾਗ ਪਹਿਲਾ (ਸਮੈਸਟਰ ਸਿਸਟਮ) ਇਸ ਸ੍ਰੇਣੀ ਵਿਚ ਦਾਖ਼ਲੇ ਲਈ ਪੰਜਾਬੀ ਯੂਨੀਵਰਸਿਟੀ ਵਲੋਂ ਨਿਰਧਾਰਿਤ ਨਿਯਮ ਲਾਗੂ ਹੋਣਗੇ। ਪੰਜਾਬ ਸਕੂਲ ਸਿੱਖਿਆ ਬੋਰਡ (ਮੋਹਾਲੀ) ਤੋਂ +2 ਦੀ ਪ੍ਰੀਖਿਆ ਜਾਂ ਬੀ.ਏ ਭਾਗ ਪਹਿਲਾ, ਬੀ.ਸੀ.ਏ ਭਾਗ ਪਹਿਲਾ, (ਪੁਰਾਣੀ ਸਕੀਮ) ਜਾਂ ਪੰਜਾਬੀ ਯੂਨੀਵਰਸਿਟੀ ਤੋਂ ਇੰਟਰ ਜਾਂ ਉਪਰੋਕਤ ਦੇ ਬਰਾਬਰ ਸਮਝੀ ਜਾਂਦੀ ਕੋਈ ਹੋਰ ਪ੍ਰੀਖਿਆ ਪਾਸ ਕਰ ਚੁੱਕੇ ਵਿਦਿਆਰਥੀ ਇਸ ਸ੍ਰੇਣੀ ਵਿਚ ਦਾਖਲ ਹੋ ਸਕਣਗੇ। ਬੀ.ਏ ਭਾਗ ਦੂਜਾ (ਸਮੈਸਟਰ ਤੀਜਾ) ਪੰਜਾਬੀ ਯੂਨੀਵਰਸਿਟੀ ਤੋਂ ਨਵੀਂ ਸਕੀਮ +2 ਅਧੀਨ ਬੀ.ਏ ਭਾਗ ਪਹਿਲਾ (ਸਮੈਸਟਰ ਸਿਸਟਮ) ਜਾਂ ਇਸ ਦੇ ਬਰਾਬਰ ਸਮਝੀ ਜਾਂਦੀ ਕੋਈ ਪ੍ਰੀਖਿਆ ਪਾਸ ਕਰ ਚੁੱਕੇ ਇਸੇ ਕਾਲਜ ਦੇ ਵਿਦਿਆਰਥੀ ਇਸ ਸ੍ਰੇਣੀ ਵਿੱਚ ਦਾਖਲ ਹੋ ਸਕਣਗੇ। ਬੀ.ਏ ਭਾਗ ਪਹਿਲਾ ਦੇ 50% ਪੇਪਰ ਪਾਸ ਹੋਣੇ ਜ਼ਰੂਰੀ ਹਨ। ਬੀ.ਏ ਭਾਗ ਤੀਜਾ (ਸਮੈਸਟਰ-ਪੰਜਵਾਂ) ਪੰਜਾਬੀ ਯੂਨੀਵਰਸਿਟੀ ਤੋਂ ਬੀ.ਏ ਭਾਗ ਦੂਜਾ ਦੀ ਪ੍ਰੀਖਿਆ ਪਾਸ ਕਰਨ ਵਾਲਾ ਇਸ ਕਾਲਜ ਦਾ ਵਿਦਿਆਰਥੀ ਇਸ ਵਿਚ ਦਾਖਲ ਹੋ ਸਕਦਾ ਹੈ। ਬੀ.ਏ ਭਾਗ ਪਹਿਲਾ ਦੇ ਸਮੈਸਟਰਾਂ ਦਾ ਪਾਸ ਹੋਣਾ ਜ਼ਰੂਰੀ ਹੈ। ਨਵੀ ਸਿੱਖਿਆ ਨੀਤੀ 2020 ਦੇ ਅਨੁਸਾਰ ਬੀ.ਏ ਭਾਗ ਪਹਿਲਾ ਵਿਚ ਦਾਖਲੇ ਲਈ ਵਿਸ਼ਿਆਂ ਦੀ ਸੂਚੀ:

## ਬੀ.ਏ. ਸਮੈਸਟਰ ਪਹਿਲਾ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ ਵਿਸ਼ਾ ਸੂਚੀ

## ਵਿਦਿਆਰਥੀ ਨੇ ਨਿਮਨ ਸੂਚੀ ਵਿਚੋਂ 8 ਵਿਸ਼ੇ ਚੁਣਨੇ ਹਨ

| **Compulsory Subjects** | | |
|---|---|---|
| **AEC (Ability Enhancement Course) (LANG.)** | **VALUE ADDED COURSE** | **Punjabi Compulsory** |
| English | Environment and Road Safety | PBI-1 |

| **ਵਿਦਿਆਰਥੀ ਕੋਈ ਤਿੰਨ ਵਿਸ਼ੇ ਚੁਣ ਸਕਦਾ ਹੈ (3 Major) ਜਾਂ (2 Major ਅਤੇ 1 Minor)** | | |
|---|---|---|
| **MAJOR/ MINOR** | | |
| **SOCIAL SCIENCE** | **LANGUAGE** | **CSM** |
| ECONOMICS | PUNJABI LITERATURE | COMPUTER APPLICATIION |
| HISTORY | HINDI LITERATURE | MATHEMATICS |
| POLITICAL SCIENCE | ENGLISH LITERATURE | |
| PHYSICAL EDUCAITON | | |

**ਕੋਈ ਇੱਕ ਵਿਸ਼ਾ ਚੁਣ ਸਕਦਾ ਹੈ**

**Inter disciplinary Courses (IDC)**

- Modern Life style in Physical Education
- Basic Economics – I
- Introduction to Political Science
- Communication Skills
- Basics of Computer
- हिन्दी काव्य
- Introduction to Language and Linguistics
- ਪੰਜਾਬੀ ਗਲਪ ਅਤੇ ਸਿਨਮਾ: ਅੰਤਰ ਨਿੰਬਧ
- ਪੰਜਾਬ ਦੇ ਮੇਲੇ ਅਤੇ ਤਿਉਹਾਰ
- History and Culture of Punjab (From Indus Valley to 1000 A. D.)
- Philosophical Issues: Social and Political
- Techniques of Teaching
- Women and Society

**ਕੋਈ ਇੱਕ ਵਿਸ਼ਾ ਚੁਣ ਸਕਦਾ ਹੈ**

**Skill Enhancement Courses (SEC)**

- First Aid
- Political Journalism
- Introduction to History
- Translation
- रचनात्मक लेखन
- ਸੰਪਾਦਨ ਕਲਾ: ਸਿਧਾਂਤ ਅਤੇ ਸਿਹਾਰ
- Critical thinking and Applied reasoning
- Personality Development

ਨੋਟ:-

1) ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਵਾਤਾਵਰਨ ਸਿੱਖਿਆ ਦਾ ਵਿਸ਼ਾ ਅੰਡਰ ਗਰੈਜੂਏਟ ਕਲਾਸਾਂ ਵਿਚ ਦੂਜੇ ਸਾਲ ਵਿਚ ਵਿਸ਼ੇ ਵਜੋਂ ਲਾਗੂ ਕੀਤਾ ਗਿਆ।

2) ਡਿਫੈਂਸ ਵਿੱਚ ਲੱਗੇ ਹੋਏ ਕਰਮਚਾਰੀਆਂ, ਉਨ੍ਹਾਂ ਦੇ ਬੱਚਿਆਂ ਜਾਂ ਪਿਛਲੇ ਦਸ ਸਾਲਾਂ ਤੋਂ ਪੰਜਾਬ ਤੋਂ ਬਾਹਰ ਰਹਿ ਰਹੇ ਬੱਚਿਆਂ ਨੂੰ ਬੀ.ਏ ਵਿਚ ਪੰਜਾਬੀ ਲਾਜ਼ਮੀ ਵਿਸ਼ੇ ਤੇ ਛੋਟ ਦਿੱਤੀ ਜਾਵੇਗੀ, ਪਰ ਸ਼ਰਤ ਇਹ ਹੈ ਕਿ ਉਨ੍ਹਾਂ ਦੀ ਮਾਤਭਾਸ਼ਾ ਪੰਜਾਬੀ ਨਾ ਹੋਵੇ ਅਤੇ ਸੈਕੰਡਰੀ ਪੱਧਰ 'ਤੇ ਉਨ੍ਹਾਂ ਪੰਜਾਬੀ ਨਾ ਪੜ੍ਹੀ ਹੋਵੇ। ਅਜਿਹੇ ਵਿਦਿਆਰਥੀ ਨੇ ਪੰਜਾਬੀ ਲਾਜ਼ਮੀ ਵਿਸ਼ੇ ਦੀ ਥਾਂ ਮੁੱਢਲਾ ਪੰਜਾਬੀ ਗਿਆਨ ਦਾ ਵਿਸ਼ਾ ਪੜ੍ਹਨਾ ਹੋਵੇਗਾ।

ਬੀ.ਕਾਮ ਭਾਗ ਪਹਿਲਾ, ਦੂਜਾ ਤੇ ਤੀਜਾ (ਸਮੈਸਟਰ ਸਿਸਟਮ ਅਧੀਨ) ਵਿੱਚ ਦਾਖ਼ਲੇ ਲਈ ਯੋਗਤਾਵਾਂ (ਦਾਖਲੇ ਦੀਆਂ ਯੋਗਤਾਵਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਹੋਣਗੀਆਂ)

**ਬੀ.ਕਾਮ. ਭਾਗ ਪਹਿਲਾ (ਸਮੈਸਟਰ ਸਿਸਟਮ) (ਦਾਖਲੇ ਦੀਆਂ ਸੀਟਾਂ- 60)**

10+2 ਕਾਮਰਸ ਪਾਸ ਵਿਦਿਆਰਥੀ ਦੇ 40 ਪ੍ਰਤੀਸ਼ਤ ਜਾਂ 10+2 ਮੈਥੇਮੈਟਿਕਸ ਅਤੇ ਇਕਨਾਮਿਕਸ ਵਿਸ਼ੇ ਨਾਲ ਪਾਸ ਵਿਦਿਆਰਥੀ ਦੇ 45 ਪ੍ਰਤੀਸ਼ਤ ਅਤੇ ਇਨ੍ਹਾਂ ਦੋਹਾਂ ਤੋਂ ਬਿਨਾਂ 10+2 ਪਾਸ ਕਰਨ ਵਾਲੇ ਵਿਦਿਆਰਥੀ 50 ਪ੍ਰਤੀਸ਼ਤ ਅੰਕਾਂ ਨਾਲ ਦਾਖ਼ਲੇ ਲਈ ਯੋਗ ਹਨ।

**ਬੀ.ਕਾਮ. ਭਾਗ ਦੂਜਾ (ਸਮੈਸਟਰ ਸਿਸਟਮ) (ਦਾਖਲੇ ਦੀਆਂ ਸੀਟਾਂ- 60)**

ਇਸ ਸ਼੍ਰੇਣੀ ਵਿੱਚ ਦਾਖਲਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮਾਂ ਅਨੁਸਾਰ ਹੋਵੇਗਾ।

**ਬੀ.ਕਾਮ. ਭਾਗ ਤੀਜਾ (ਸਮੈਸਟਰ ਸਿਸਟਮ) (ਦਾਖ਼ਲੇ ਦੀਆਂ ਸੀਟਾਂ:60)**

ਇਸ ਸ਼੍ਰੇਣੀ ਵਿੱਚ ਦਾਖਲਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮਾਂ ਅਨੁਸਾਰ ਹੋਵੇਗਾ।

**ਬੀ.ਸੀ.ਏ. ਭਾਗ ਪਹਿਲਾ (ਸਮੈਸਟਰ ਸਿਸਟਮ) (ਦਾਖਲੇ ਦੀਆਂ ਸੀਟਾਂ:50)**

ਇਸ ਸ਼੍ਰੇਣੀ ਵਿਚ ਦਾਖ਼ਲੇ ਲਈ ਪੰਜਾਬੀ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਨਿਯਮ ਲਾਗੂ ਹੋਣਗੇ। ਪੰਜਾਬ ਸਕੂਲ ਸਿੱਖਿਆ ਬੋਰਡ (ਮੋਹਾਲੀ) ਤੋਂ +2 ਦੀ ਪ੍ਰੀਖਿਆ ਜਾਂ ਬੀ.ਸੀ.ਏ ਭਾਗ ਪਹਿਲਾ, (ਪੁਰਾਣੀ ਸਕੀਮ) ਜਾਂ ਪੰਜਾਬੀ ਯੂਨੀਵਰਸਿਟੀ ਤੋਂ ਇੰਟਰ ਜਾਂ ਉਪਰੋਕਤ ਦੇ ਬਰਾਬਰ ਸਮਝੀ ਜਾਂਦੀ ਕੋਈ ਹੋਰ ਪ੍ਰੀਖਿਆ ਪਾਸ ਕਰ ਚੁੱਕੇ ਵਿਦਿਆਰਥੀ ਇਸ ਸ਼੍ਰੇਣੀ ਵਿਚ ਦਾਖਲ ਹੋ ਸਕਣਗੇ।

**ਬੀ.ਸੀ.ਏ. (ਭਾਗ ਦੂਜਾ) ਸਮੈਸਟਰ ਤੀਜਾ:-**

ਪੰਜਾਬੀ ਯੂਨੀਵਰਸਿਟੀ ਤੋਂ ਨਵੀਂ ਸਕੀਮ +2 ਅਧੀਨ ਬੀ.ਸੀ.ਏ. (ਭਾਗ ਪਹਿਲਾ (ਸਮੈਸਟਰ ਸਿਸਟਮ) ਜਾਂ ਇਸ ਦੇ ਬਰਾਬਰ ਸਮਝੀ ਜਾਂਦੀ ਕੋਈ ਪ੍ਰੀਖਿਆ ਪਾਸ ਕਰ ਚੁੱਕੇ ਇਸੇ ਕਾਲਜ ਦੇ ਵਿਦਿਆਰਥੀ ਇਸ ਸ਼੍ਰੇਣੀ ਵਿੱਚ ਦਾਖਲ ਹੋ ਸਕਣਗੇ। ਬੀ.ਸੀ.ਏ. ਭਾਗ ਪਹਿਲਾ ਦੇ 50% ਪੇਪਰ ਪਾਸ ਹੋਣੇ ਜਰੂਰੀ ਹਨ।

**ਪੀ.ਜੀ.ਡੀ.ਸੀ.ਏ., ਐਮ.ਏ.(ਰਾਜਨੀਤੀ ਸ਼ਾਸਤਰ ਅਤੇ ਪੰਜਾਬੀ) ਭਾਗ ਪਹਿਲਾ ਅਤੇ ਦੂਜਾ** ਦੇ ਦਾਖ਼ਲੇ ਲਈ ਯੋਗਤਾਵਾਂ ਸਮੈਸਟਰ ਪ੍ਰਣਾਲੀ ਅਧੀਨ ਦਾਖ਼ਲਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮਾਂ ਅਨੁਸਾਰ ਹੋਵੇਗਾ।

**ਨੋਟ**: ਡੈਫੀਸੇਟ/ਵਾਧੂ ਵਿਸ਼ਿਆਂ ਸਬੰਧੀ ਮੁਕੰਮਲ ਕੇਸ ਯੂਨੀਵਰਸਿਟੀ ਦੇ ਦਫ਼ਤਰ ਵਿਚ ਇੱਕ ਹਫਤੇ ਤੱਕ ਪੁੱਜਦਾ ਕਰਨਾ ਹੁੰਦਾ ਹੈ। ਇਸ ਲਈ ਸਬੰਧਿਤ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਉਹ ਸਮੇਂ ਸਿਰ ਆਪਣਾ ਕੇਸ ਸਬੰਧਿਤ ਡੀਲਿੰਗ ਕਲਰਕ ਨੂੰ ਦੇ ਦੇਣ।

# ਦਾਖਲੇ ਸੰਬੰਧੀ ਜਰੂਰੀ ਹਦਾਇਤਾਂ

ਰਾਖਵਾਂਕਰਨ

ਕਾਲਜ ਵਿੱਚ ਸਾਰੇ ਕੋਰਸਾਂ ਵਿਚ ਸੀਟਾਂ ਲਈ ਦਾਖਲਾ ਨਿਰੋਲ ਮੈਰਿਟ ਜੇ ਆਧਾਰ ਤੇ ਕੀਤਾ ਜਾਵੇਗਾ। ਇਹ ਮੈਰਿਟ ਪਿਛਲੀ ਪ੍ਰੀਖਿਆ, ( ਜਿਸਦੇ ਅਧਾਰ ਤੇ ਦਾਖਲਾ ਲਿਆ ਜਾ ਰਿਹਾ ਹੈ) ਵਿੱਚ ਪ੍ਰਾਪਤ ਕੁੱਲ ਨੰਬਰਾਂ ਦੇ ਅਧਾਰ ਉੱਤੇ ਹੋਵੇਗੀ ਅਤੇ ਹੇਠ ਲਿਖੇ ਅਨੁਸਾਰ ਸੀਟਾਂ ਮੁੱਢਲੀਆਂ ਕਲਾਸਾਂ ਵਿੱਚ ਦਾਖਲੇ ਲਈ ਰਾਖਵੀਆਂ ਹੋਣਗੀਆਂ। ਡੀ.ਪੀ.ਆਈ (ਕਾਲਜਾਂ) ਦੇ ਪੱਤਰ ਨੰ: HED-EDU10M.L/16/2021-3edu-Part(1)/1825-1834, ਮਿਤੀ 17.08.2021 ਅਨੁਸਾਰ ਰਾਖਵੀਂਆਂ ਸੀਟਾਂ ਦੀ ਸੂਚੀ ਹੇਠ ਲਿਖੀ ਹੈ:-

| ਲੜੀ ਨੰਬਰ | ਸ਼੍ਰੇਣੀ | ਰਾਖਵੀਆਂ ਸੀਟਾਂ |
|---|---|---|
| 1 | ਜਨਰਲ | 52% |
| 2 | ਅਨੁਸੂਚਿਤ ਜਾਤੀਆਂ , ਅਨੁਸੂਚਿਤ ਕਬੀਲਿਆ ਲਈ (SC/ST) | 20 % |
| 3 | ਪਛੜੀਆਂ ਸ਼੍ਰੇਣੀਆਂ ਲਈ (BC) | 8 % |
| 4 | ਆਰਮਡ ਫੋਰਸਜ਼, ਸੀ.ਆਰ.ਪੀ.ਐਫ, ਬੀ.ਐਸ.ਐਫ., ਪੁਲਿਸ ਵਿੱਚ ਕੰਮ ਕਰ ਰਹੇ, ਸੇਵਾ ਮੁਕਤ ਅਤੇ ਸੇਵਾ ਦੌਰਾਨ ਸਵਰਗਵਾਸ ਹੋ ਗਏ ਅਫਸਰਾਂ ਅਤੇ ਕਰਮਚਾਰੀਆਂ ਦੇ ਬੱਚਿਆ ਲਈ | General 7%, SC 4%, BC 2%<br>TOTAL 13% |
| 5 | ਅਪੰਗ ਵਿਦਿਆਰਥੀਆਂ ਲਈ | 3% |
| 6 | ਖਿਡਾਰੀਆਂ ਲਈ | General 2%, SC 1%<br>TOTAL 3% |
| 7 | ਆਜ਼ਾਦੀ ਸੰਗਰਾਮੀਆਂ ਦੇ ਬੱਚਿਆਂ ਲਈ | 1% |
| 8 | ਪੇਂਡੂ ਵਿਦਿਆਰਥੀਆਂ ਲਈ ਵਾਧੂ ਸੀਟਾਂ | 10% |
| 9 | ਕੈਂਸਰ ਪੀੜਿਤ ਲਈ ਵਾਧੂ ਸੀਟਾਂ | 1 |
| 10 | ਏਡਜ਼ ਪੀੜਿਤ ਲਈ ਵਾਧੂ ਸੀਟਾਂ | 1 |
| 11 | ਥੇਲੇਸੇਮੀਆ ਪੀੜਿਤ ਲਈ ਵਾਧੂ ਸੀਟਾਂ | 1 |
| 12 | ਕਸ਼ਮੀਰੀ ਦੰਗਾ ਪੀੜਿਤ | 1 |
| 13 | ਸਿੰਗਲ ਗਰਲ ਚਾਈਲਡ ਲਈ ਵਾਧੂ ਸੀਟ | 1 |
| 14 | ਬਾਰਡਰ ਏਰੀਏ/ਬੈਕਵਰਡ ਏਰੀਏ ਦਾ ਨਿਸ਼ਚਿਤ ਕੋਟਾ | 2% |
| 15 | ਸ਼ਹੀਦ ਹੋਏ ਸੁਰੱਖਿਆ ਕਰਮੀਆਂ ਦੇ ਬੱਚੇ-ਵਿਧਵਾਵਾਂ ਜਾਂ 50 % ਜਾਂ ਇਸ ਤੋਂ ਵੱਧ ਅਪਾਹਜ਼ ਹੋਏ ਵੀਰਤਾ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਦੇ ਬੱਚੇ ਅਤੇ ਸੇਵਾ ਕਰ ਰਹੇ/ਕਰ ਚੁੱਕਿਆਂ ਦੇ ਬੱਚਿਆਂ ਲਈ | 2% |
| 16 | ਨਵੰਬਰ, 1984 ਦੇ ਦੰਗਾ ਪੀੜਤ ਪਰਿਵਾਰਾਂ ਦੇ ਬੱਚਿਆਂ ਲਈ ਨਿਸ਼ਚਿਤ ਕੋਟਾ ( ਉਪਰੋਕਤ ਕੋਟਾ ਡੀ.ਪੀ.ਆਈ. (ਕਾਲਜਾਂ) ਪੰਜਾਬ ਚੰਡੀਗੜ੍ਹ ਦੇ ਪੱਤਰ ਨੰਬਰ 10/4-96 ਕਾ.ਐਜੂ. (4), ਮਿਤੀ 18-02-2001) ਦੀ ਹਦਾਇਤ ਅਨੁਸਾਰ) | 2% |
| 17 | ਤਲਾਕਸ਼ੁਦਾ/ਵਿਧਵਾ ਔਰਤਾਂ ਲਈ ਨਿਸ਼ਚਿਤ ਕੋਟਾ | 2% |

# ਰਾਖਵੀਂਆਂ ਸੀਟਾਂ ਲਈ ਅਸਲ ਸਰਟੀਫਿਕੇਟ ਤਿਆਰ ਕਰਨ ਸਬੰਧੀ ਹਦਾਇਤਾਂ

**ਯੁਵਕ ਮੇਲਾ/ਸਭਿਆਚਾਰਕ ਸਰਗਰਮੀਆਂ ਅਤੇ ਖੇਡਾਂ ਸਬੰਧੀ ਸਰਟੀਫਿਕੇਟ:**

ਪੰਜਾਬੀ ਯੂਨੀਵਰਸਿਟੀ ਪਟਿਆਲਾ ਯ.ਵ/1064-1136, ਮਿਤੀ: 17.07.2001 ਅਨੁਸਾਰ ਯੂਨੀਵਰਸਿਟੀ ਯੁਵਕ ਮੇਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਨੂੰ ਪ੍ਰਿੰਸੀਪਲ ਵੱਲੋਂ ਗਠਿਤ ਕਮੇਟੀ ਦੀ ਸਿਫ਼ਾਰਸ਼ ਤੇ ਨਿਯਮਾਂ ਅਨੁਸਾਰ ਵਾਧੂ ਸੀਟਾਂ ਰਾਹੀਂ ਰਾਖਵਾਂਕਰਨ ਕਰਨ ਲਈ ਬਿਨੈਕਾਰ ਦਾ ਫਾਰਮ ਮੈਰਿਟ ਅਨੁਸਾਰ ਪ੍ਰਿੰਸੀਪਲ ਰਾਹੀਂ ਸਬੰਧਿਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਭੇਜਿਆ ਜਾਵੇਗਾ। ਸੱਭਿਆਚਾਰਕ ਸਰਗਰਮੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ ਵਾਧੂ ਸੀਟਾਂ ਸਬੰਧੀ ਰਾਖਵਾਂਕਰਨ ਪੰਜਾਬ ਸਰਕਾਰ ਦੇ ਪੱਤਰ ਨੰ: 8/12/24 ਮਿ 7066, ਮਿਤੀ 26.03.2003 ਰਾਹੀ ਵਿਚਾਰਿਆ ਜਾਵੇਗਾ।

ਖੇਡ/ਸਰਟੀਫਿਕੇਟਾਂ ਦੀ ਗਰੇਡੇਸ਼ਨ (ਪੰਜਾਬ ਸਪੋਰਟਸ ਵਿਭਾਗ, ਚੰਡੀਗੜ੍ਹ) ਵੱਲੋਂ ਹੋਈ ਹੋਵੇਗੀ ਤਾਂ ਹੀ ਵਿਦਿਆਰਥੀ ਨੂੰ ਉਸ ਕੋਟੇ ਲਈ ਵਿਚਾਰਿਆ ਜਾਵੇਗਾ। ਇਹਨਾਂ ਸੀਟਾਂ ਲਈ ਸੰਬੰਧਿਤ ਅਸਲ ਸਰਟੀਫਿਕੇਟਾਂ ਦੀਆਂ ਸਵੈ ਤਸਦੀਕ-ਸ਼ੁਦਾ ਕਾਪੀਆਂ ਦਾਖ਼ਲਾ ਫਾਰਮ ਨਾਲ ਜ਼ਰੂਰ ਲਾਈਆਂ ਜਾਣ।

**ਆਜ਼ਾਦੀ ਘੁਲਾਟੀਆਂ ਸਬੰਧੀ ਸਰਟੀਫਿਕੇਟ :**

ਬਿਨੇਕਾਰ, ਆਜ਼ਾਦੀ ਘੁਲਾਟੀਏ ਦਾ ਪੋਤਾ/ਪੋਤੀ ਜਾਂ ਦੋਹਤਾ/ਦੋਹਤੀ ਹੈ ਤਾਂ ਇਹ ਸਰਟੀਫਿਕੇਟ ਤਹਿਸੀਲਦਾਰ ਤੋਂ ਜਾਰੀ ਕਰਵਾ ਕੇ ਉਸ ਦੀ ਸਵੈ-ਤਸਦੀਕੀ ਫੋਟੋ-ਕਾਪੀ ਦਾਖਲਾ ਫਾਰਮ ਨਾਲ ਜ਼ਰੂਰ ਲਾਵੇਗਾ।

**ਅਨੁਸੂਚਿਤ ਜਾਤੀ ਅਤੇ ਪਛੜੀ ਸ਼੍ਰੇਣੀ ਸਬੰਧੀ ਸਰਟੀਫਿਕੇਟ:**

ਬਿਨੇਕਾਰ, ਆਪਣਾ ਜਾਤੀ ਸਰਟੀਫਿਕੇਟ ਅਤੇ ਮਾਪਿਆਂ/ਸਰਪ੍ਰਸਤ ਦੀ ਸਾਲਾਨਾ ਆਮਦਨ (ਸਮੇਤ ਸਾਰੇ ਵਸੀਲਿਆਂ) ਨਾਲ ਸਬੰਧਿਤ ਸਰਟੀਫਿਕੇਟ ਤਹਿਸੀਲਦਾਰ ਤੋਂ ਬਣਵਾ ਕੇ ਤਸਦੀਕ ਕਰਵਾ ਕੇ ਅਸਲ ਸਰਟੀਫਿਕੇਟ ਦੀ ਸਵੈ-ਤਸਦੀਕੀ ਫੋਟੋ-ਕਾਪੀ ਦਾਖ਼ਲਾ ਫਾਰਮ ਦੇ ਨਾਲ ਜ਼ਰੂਰ ਲਾਉਣਗੇ।

**ਸਰੀਰਕ ਤੌਰ 'ਤੇ ਅਪਾਹਜ ਉਮੀਦਵਾਰ ਸਬੰਧੀ ਸਰਟੀਫਿਕੇਟ:**

ਬਿਨੈਕਾਰ, ਆਪਣਾ ਸਰਟੀਫਿਕੇਟ ਸਿਵਲ ਸਰਜਨ (ਸੀ.ਐਮ.ਓ) ਤੋਂ ਬਣਵਾ ਕੇ ਉਸ ਦੀ ਸਵੈ-ਤਸਦੀਕੀ ਫੋਟੋ-ਕਾਪੀ ਦਾਖ਼ਲਾ ਫਾਰਮ ਦੇ ਨਾਲ ਲਾਉਣਗੇ।

**ਬਾਰਡਰ ਏਰੀਆ/ਬੈਕਵਰਡ ਏਰੀਆ ਸਬੰਧੀ ਸਰਟੀਫਿਕੇਟ:**

ਬਿਨੈਕਾਰ, ਸਬੰਧਿਤ ਏਰੀਏ ਦੇ ਤਹਿਸੀਲਦਾਰ ਤੋਂ ਸਰਟੀਫਿਕੇਟ ਬਣਵਾ ਕੇ ਉਸ ਦੀ ਸਵੈ-ਤਸਦੀਕੀ ਫੋਟੋ-ਕਾਪੀ ਦਾਖ਼ਲਾ ਫਾਰਮ ਦੇ ਨਾਲ ਲਾਉਣਗੇ।

**ਪੇਂਡੂ ਖੇਤਰ ਸਬੰਧੀ ਸਰਟੀਫਿਕੇਟ:**

ਯੂਨੀਵਰਸਿਟੀ ਦੀਆਂ ਹਦਾਇਤਾਂ ਮੁਤਾਬਿਕ 10 ਪ੍ਰਤੀਸ਼ਤ ਵਾਧੂ ਸੀਟਾਂ ਕਾਇਮ ਕਰਕੇ ਗ਼ਰੀਬ ਤੇ ਹੋਣਹਾਰ ਵਿਦਿਆਰਥੀਆਂ ਨੂੰ ਦਾਖ਼ਲਾ ਦੇਣ ਲਈ ਅਸਲੀ ਸਰਟੀਫਿਕੇਟ ਸਬੰਧਿਤ ਤਹਿਸੀਲਦਾਰ ਤੋਂ ਜਾਰੀ ਕੀਤਾ, ਪੇਸ਼ ਕਰਨਾ ਹੋਵੇਗਾ। ਦਾਖ਼ਲੇ ਲਈ ਇਸ ਕੈਟਾਗਰੀ ਦਾ ਲਾਭ ਲੈਣ ਲਈ ਬਿਨੈਕਾਰ ਨੇ ਦਸਵੀਂ/10+2 ਦੀ ਪ੍ਰੀਖਿਆ ਕਿਸੇ ਅਜਿਹੇ ਪੇਂਡੂ ਸਕੂਲ ਤੋਂ ਪਾਸ ਕੀਤੀ ਹੋਵੇ ਜਿਹੜਾ ਕਿਸੇ ਮਿਉਂਸਪਲ ਕਾਰਪੋਰੇਸ਼ਨ/ਮਿਉਸਪਲ ਕਮੇਟੀ/ਸਮਾਲ ਟਾਊਨ/ਨੋਟੀਫਾਈਡ ਏਰੀਆ ਦੇ ਘੇਰੇ ਵਿੱਚ ਨਹੀਂ ਆਉਂਦਾ। ਅਜਿਹੇ ਉਮੀਦਵਾਰ ਲਈ ਅਖੀਰਲੀ ਪ੍ਰੀਖਿਆ ਤੋਂ ਪਹਿਲਾਂ ਪੰਜ ਸਾਲ ਅਜਿਹੇ ਸਕੂਲ ਦਾ ਵਿਦਿਆਰਥੀ ਹੋਣਾ

ਲਾਜ਼ਮੀ ਹੋਵੇਗਾ ਅਤੇ ਸਬੰਧਿਤ ਤਹਿਸੀਲਦਾਰ ਤੋਂ ਇਹ ਸਰਟੀਫਿਕੇਟ ਲੈ ਕੇ ਦਾਖ਼ਲਾ ਕਮੇਟੀ ਅੱਗੇ ਪੇਸ਼ ਕਰਨਾ ਹੋਵੇਗਾ ਕਿ ਉਸ ਨੇ ਜਿਸ ਏਰੀਏ ਵਿੱਚੋਂ ਦਸਵੀਂ/10+2 ਪਾਸ ਕੀਤੀ ਹੈ ਉਹ ਸਕੂਲ ਪੇਂਡੂ ਖੇਤਰ ਵਿੱਚ ਹੈ।

**ਦਸਵੀਂ/10+2 ਪਾਸ ਕੀਤੀ ਹੈ ਉਹ ਸਕੂਲ ਪੇਂਡੂ ਖੇਤਰ ਵਿਚ ਹੈ।**

ਨੋਟ:- ਵਿਦਿਆਰਥੀ ਆਪਣੇ ਦਾਖ਼ਲਾ ਫਾਰਮ ਨਾਲ ਪੇਂਡੂ ਖੇਤਰ ਸਬੰਧੀ ਸਰਟੀਫਿਕੇਟ ਦੀ ਸਵੈ-ਤਸਦੀਕੀ ਫੋਟੋ-ਕਾਪੀ ਜ਼ਰੂਰ ਲਾਵੇਗਾ ਅਤੇ ਦਾਖ਼ਲੇ ਲਈ ਇੰਟਰਵਿਊ ਵੇਲੇ ਅਸਲੀ ਸਰਟੀਫਿਕੇਟ ਨਾਲ ਲੈ ਕੇ ਆਵੇਗਾ।

# ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ

## ਕਾਲਜ ਕੈਲੰਡਰ 2024-25

| | |
|---|---|
| ਗਰਮੀ ਦੀਆਂ ਛੁੱਟੀਆਂ | 01-06-2024 ਤੋਂ 07-07-2024 |
| ਕਾਲਜ ਖੁੱਲ੍ਹਣ ਦੀ ਮਿਤੀ | 08-07-2024 |
| ਦਾਖਲਾ | ਯੂਨੀਵਰਸਿਟੀ ਕੈਲੰਡਰ ਅਨੁਸਾਰ |
| ਸਮੈਸਟਰ ਪਹਿਲਾ, ਤੀਜਾ ਅਤੇ ਪੰਜਵੇਂ ਦੀਆਂ ਕਲਾਸਾਂ | 22-11-2024 ਤੱਕ |
| ਜਨਰਲ ਹਾਊਸ ਮੀਟਿੰਗ (ਪੀ.ਟੀ.ਏ) | ਅਗਸਤ 2024 ਦਾ ਪਹਿਲਾ ਹਫਤਾ |
| ਪੀ.ਟੀ.ਏ. ਕਮੇਟੀ ਦੀ ਮੀਟਿੰਗ | ਅਗਸਤ 2024 ਦਾ ਤੀਜਾ ਹਫਤਾ |
| ਯੂਨਿਟ ਟੈਸਟ ਪਹਿਲਾ | ਸਤੰਬਰ 2024 ਦਾ ਤੀਜਾ ਹਫਤਾ |
| ਪ੍ਰਤਿਭਾ ਖੋਜ ਮੁਕਾਬਲਾ | ਅਗਸਤ 2024 ਦਾ ਆਖਰੀ ਹਫਤਾ |
| ਐਕਸਟੈਂਸ਼ਨ ਲੈਕਚਰ/ਕੁਇਜ਼/ਸੈਮੀਨਾਰ | ਅਕਤੂਬਰ 2024 ਦਾ ਪਹਿਲਾ ਹਫਤਾ |
| ਯੂਨਿਟ ਟੈਸਟ ਦੂਸਰਾ | ਅਕਤੂਬਰ 2024 ਦਾ ਚੌਥਾ ਹਫਤਾ |
| ਯੂਨੀ. ਪ੍ਰੀਖਿਆ ਸਮੈਸਟਰ ਪਹਿਲਾ, ਤੀਜਾ ਅਤੇ ਪੰਜਵਾਂ | 27-11-2024 ਤੋਂ ਸ਼ੁਰੂ |
| ਸਰਦੀ ਦੀਆਂ ਛੁੱਟੀਆਂ | 27-12-2024 ਤੋਂ 10-01-2025 ਤੱਕ |
| ਸਮੈਸਟਰ ਦੂਜਾ, ਚੌਥਾ ਅਤੇ ਛੇਵਾਂ ਦੀਆਂ ਕਲਾਸਾਂ | 30-04-2025 ਤੱਕ |
| ਐਨ.ਐਸ.ਐਸ (ਸੱਤ ਰੋਜ਼ਾ ਕੈਂਪ) | ਸਰਦੀ ਦੀਆਂ ਛੁੱਟੀਆਂ ਦੌਰਾਨ |
| ਵਿੱਦਿਅਕ/ਇਤਿਹਾਸਕ ਟੂਰ | ਫਰਵਰੀ 2025 ਦਾ ਆਖਰੀ ਹਫਤਾ |
| ਐਥਲੈਟਿਕ ਮੀਟ | ਫਰਵਰੀ 2025 ਦਾ ਤੀਸਰਾ ਹਫਤਾ |
| ਸਾਲਾਨਾ ਇਨਾਮ ਵੰਡ ਸਮਾਰੋਹ | ਮਾਰਚ-ਅਪ੍ਰੈਲ 2025 |
| ਯੂਨੀ. ਪ੍ਰੀਖਿਆ ਸਮੈਸਟਰ ਦੂਜਾ, ਚੌਥਾ ਅਤੇ ਛੇਵਾਂ | 05-05-2025 ਤੋਂ ਸ਼ੁਰੂ |

## ਫੀਸਾਂ ਸਬੰਧੀ ਵੇਰਵੇ

| ਕਲਾਸਾਂ | ਫੀਸ |
|---|---|
| 1) ਬੀ.ਏ.ਭਾਗ ਪਹਿਲਾ | 11448/- |
| ਬੀ.ਏ.ਭਾਗ ਪਹਿਲਾ (ਕੰਪਿਊਟਰ ਸਾਇੰਸ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਲਈ) | 13438/- |
| ਬੀ.ਏ.ਭਾਗ ਪਹਿਲਾ (ਸਰੀਰਕ ਸਿੱਖਿਆ ਲੈਣ ਵਾਲੇ ਵਿਦਿਆਰਥੀਆਂ ਲਈ) | 12120/- |
| 2) ਬੀ.ਕਾਮ ਭਾਗ ਪਹਿਲਾ | 11998/- |
| 3) ਬੀ.ਸੀ.ਏ. (ਭਾਗ ਪਹਿਲਾ) (ਲੜਕਿਆ ਲਈ) | 31164/- |
| ਬੀ.ਸੀ.ਏ. (ਭਾਗ ਪਹਿਲਾ) (ਲੜਕੀਆਂ ਲਈ) | 30789/- |
| 4) ਪੀ.ਜੀ.ਡੀ.ਸੀ.ਏ (ਲੜਕਿਆ ਲਈ) | 24670/- |
| ਪੀ.ਜੀ.ਡੀ.ਸੀ.ਏ (ਲੜਕੀਆਂ ਲਈ) | 24394/- |
| 5) ਐਮ.ਏ. (ਪੰਜਾਬੀ/ਰਾਜਨਿਤੀ ਸ਼ਾਸਤਰ) (ਭਾਗ ਪਹਿਲਾ) | 9889/- |

ਨੋਟ: ਸਾਇਕਲ ਫੀਸ 60/-, ਸਕੂਟਰ ਫੀਸ 250/- (ਜੇਕਰ ਲਾਗੂ ਹੋਵੇ)
ਮਾਈਗ੍ਰੇਸ਼ਨ ਫੀਸ 170/- ਸਮੇਤ (ਬਾਹਰਲੇ ਬੋਰਡਾਂ ਤੇ ਯੂਨੀਵਰਸਿਟੀਆਂ ਤੋਂ ਆਏ ਵਿਦਿਆਰਥੀਆਂ ਲਈ ਵੈਰੀਫਿਕੇਸ਼ਨ ਅਤੇ ਰਜਿਸਟ੍ਰੇਸ਼ਨ ਫੀਸ ਦੇਣੀ ਲਾਜ਼ਮੀ ਹੋਵੇਗੀ।

**ਉਪਰੋਕਤ ਫੀਸਾਂ ਵਿੱਚ ਯੂਨੀਵਰਸਿਟੀ ਵੱਲੋਂ ਜੇਕਰ ਕੋਈ ਬਦਲਾਅ ਹੁੰਦਾ ਹੈ ਤਾਂ ਉਹ ਲਾਗੂ ਹੋਵੇਗਾ।**

ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਨੰ:.473...ਸ.1/ਕਾਲਜ
ਮਿਤੀ: 13/5/24

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਦੇ
ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ ਨੂੰ
(ਬੀ.ਐਡ./ਲਾਅ ਅਤੇ ਹੋਰ ਅਜਿਹੇ ਕੋਰਸਾਂ ਨੂੰ ਛੱਡ ਕੇ ਜਿੰਨ੍ਹਾਂ ਦੇ ਦਾਖਲੇ ਜੁਆਇੰਟ ਐਂਟਰੈਂਸ ਟੈਸਟ ਰਾਹੀਂ ਪੰਜਾਬ ਸਰਕਾਰ/ਸੈਂਟਰਲ ਏਜੰਸੀਆਂ ਵੱਲੋਂ ਕਰਵਾਏ ਜਾਂਦੇ ਹਨ)।

ਵਿਸ਼ਾ : ਸੈਸ਼ਨ 2024-25 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਲਈ ਗਰਮੀ-ਸਰਦੀ ਦੀਆਂ ਛੁੱਟੀਆਂ ਅਤੇ ਦਾਖਲਾ ਮਿਤੀਆਂ ਦਾ ਸ਼ਡਿਊਲ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਸੈਸ਼ਨ 2024-25 ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਲਈ ਗਰਮੀ-ਸਰਦੀ ਦੀਆਂ ਛੁੱਟੀਆਂ ਅਤੇ ਦਾਖਲਿਆਂ ਸਬੰਧੀ ਸ਼ਡਿਊਲ ਨਿਮਨਲਿਖਤ ਅਨੁਸਾਰ ਨਿਰਧਾਰਤ ਕਰਨ ਦੀ ਪ੍ਰਵਾਨਗੀ ਦਿੱਤੀ ਹੈ :

ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਸ਼ਡਿਊਲ/ਕੈਲੰਡਰ ਵਿੱਚ ਦਰਸਾਈਆਂ ਗਈਆਂ ਗਰਮੀ-ਸਰਦੀ ਦੀਆਂ ਛੁੱਟੀਆਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ:-

ਗਰਮੀ-ਸਰਦੀ ਦੀਆਂ ਛੁੱਟੀਆਂ:-

(1). ਗਰਮੀ ਦੀਆਂ ਛੁੱਟੀਆਂ 01.06.2024 ਤੋਂ 07.07.2024 ਤੱਕ
(2). ਸਰਦੀ ਦੀਆਂ ਛੁੱਟੀਆਂ 27.12.2024 ਤੋਂ 10.01.2025 ਤੱਕ

ਐਜੂਕੇਸ਼ਨ/ਫਿਜ਼ੀਕਲ ਐਜੂਕੇਸ਼ਨ/ਮੈਨੇਜਮੈਂਟ/ਟੈਕਨਾਲੋਜੀ/ਲਾਅ ਕੋਰਸਾਂ ਜਾਂ ਕੋਈ ਹੋਰ ਕੋਰਸਾਂ ਦੇ ਦਾਖਲੇ, ਜੋ ਕੇਂਦਰੀ ਦਾਖਲਾ ਏਜੰਸੀ/ਪੰਜਾਬ ਸਰਕਾਰ ਵਲੋਂ ਐਂਟਰੈਂਸ ਟੈਸਟ/ਆਨ ਲਾਈਨ ਪ੍ਰਕਿਰਿਆ ਰਾਹੀਂ ਕੀਤੇ ਜਾਂਦੇ ਹਨ, ਉਨ੍ਹਾਂ ਕੋਰਸਾਂ ਦੇ ਦਾਖਲਿਆਂ ਦਾ ਸ਼ਡਿਊਲ ਯੂਨੀਵਰਸਿਟੀ ਵਲੋਂ ਨਿਰਧਾਰਤ ਨਹੀਂ ਕੀਤਾ ਜਾਂਦਾ ਹੈ।

ਪੰਜਾਬ ਸਰਕਾਰ/ਉਚੇਰੀ ਸਿੱਖਿਆ ਵਿਭਾਗ ਵੱਲੋਂ ਸੈਸ਼ਨ 2024-25 ਲਈ ਅਕਾਦਮਿਕ ਅਤੇ Co-Curricular Activities ਦੇ ਸਬੰਧ ਵਿੱਚ ਜਾਰੀ ਸ਼ਡਿਊਲ/ਕੈਲੰਡਰ ਮਿਤੀ 21-3-2024 ਨੂੰ ਡੀਨ, ਕਾਲਜ ਵਿਕਾਸ ਕੌਂਸਲ ਦੀ ਵੈੱਬਸਾਈਟ ਰਾਹੀਂ ਸਮੂਹ ਸਬੰਧਤ ਕਾਲਜਾਂ ਨੂੰ ਜਾਰੀ ਕੀਤਾ ਜਾ ਚੁੱਕਾ ਹੈ।

ਪੰਜਾਬ ਸਰਕਾਰ ਵੱਲੋਂ ਜਾਰੀ ਪੱਤਰ ਵਿੱਚ ਐਂਟਰੀ ਪੁਆਇੰਟ ਕੋਰਸਾਂ (U.G.) ਅਤੇ (P.G.) ਦੀਆਂ ਰੈਗੂਲਰ ਕਲਾਸਾਂ ਸ਼ੁਰੂ ਹੋਣ ਦੀ ਮਿਤੀ 01.08.2024 ਦਰਸਾਈ ਗਈ ਹੈ।

ਲੇਟ ਦਾਖਲਿਆਂ/ਚਲਦੇ ਕੋਰਸਾਂ/ਪ੍ਰੀਖਿਆਵਾਂ ਸਬੰਧੀ ਸ਼ਡਿਊਲ ਨਿਮਨਲਿਖਤ ਅਨੁਸਾਰ ਰਹੇਗਾ:-

1. ਅੰਡਰ-ਗ੍ਰੈਜੂਏਟ ਕੋਰਸਾਂ (U.G.) ਦੇ ਐਂਟਰੀ ਪੁਆਇੰਟ ਦਾਖਲੇ ਲਈ ਲੇਟ ਦਾਖਲਾ ਫੀਸ ਦਾ ਸ਼ਡਿਊਲ

| | | |
|---|---|---|
| i) | 01.08.2024 ਤੋਂ 08.08.2024 ਤੱਕ | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ |
| ii) | 09.08.2024 ਤੋਂ 20.08.2024 ਤੱਕ | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ |
| iii) | 21.08.2024 ਤੋਂ 28.08.2024 ਤੱਕ | 1500/-ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |
| iv) ) | 29.08.2024 ਤੋਂ 06.09.2024 ਤੱਕ | 2000/-ਰੁਪਏ ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |

ਪਰਤੋ ਜੀ ........

2. ਪੋਸਟ-ਗ੍ਰੈਜੂਏਟ ਕੋਰਸਾਂ (P.G.) ਦੇ ਐਂਟਰੀ ਪੁਆਇੰਟ ਦਾਖਲੇ ਲਈ ਲੇਟ ਦਾਖਲਾ ਫੀਸ ਦਾ ਸ਼ਡਿਊਲ

| | | |
|---|---|---|
| i) | 12.08.2024 ਤੋਂ 20.08.2024 ਤੱਕ | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ |
| ii) | 21.08.2024 ਤੋਂ 29.08.2024 ਤੱਕ | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ |
| iii) | 30.08.2024 ਤੋਂ 09.09.2024 ਤੱਕ | 1500/-ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |
| iv) | 10.09.2024 ਤੋਂ 17.09.2024 ਤੱਕ | 2000/-ਰੁਪਏ ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |

3. ਜਿਹੜੇ ਵਿਦਿਆਰਥੀ ਅਕਾਦਮਿਕ ਸੈਸ਼ਨ 2023-24 ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕੋਈ ਵੀ ਕਲਾਸ ਜੋ ਕਿ ਸਲਾਨਾ/ਸਮੈਸਟਰ ਪ੍ਰਣਾਲੀ ਅਧੀਨ ਆਉਂਦੇ ਹਨ, ਪਾਸ ਕਰਨ ਉਪਰੰਤ ਅਗਲੀ ਕਲਾਸ/ਕੋਰਸ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ,ਉਨ੍ਹਾਂ ਵਿਦਿਆਰਥੀਆਂ ਲਈ ਸੈਸ਼ਨ 2024-25 ਦੇ ਦਾਖਲਿਆਂ ਦਾ ਸ਼ਡਿਊਲ (ਚਲਦੇ ਕੋਰਸਾਂ ਦੇ ਦਾਖਲੇ) :-

| | | |
|---|---|---|
| i) | ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 20 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* | ਬਿਨਾਂ ਲੇਟ ਫੀਸ ਦਾਖਲਾ |
| ii) | ਉਪਰੋਕਤ (i) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* | 500/-ਰੁਪਏ ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ |
| iii) | ਉਪਰੋਕਤ (ii) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* | 1000/-ਰੁਪਏ ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ |
| iv) | ਉਪਰੋਕਤ (iii) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ | 2000/-ਰੁਪਏ ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |

4. ਜਿੰਨ੍ਹਾਂ ਵਿਦਿਆਰਥੀਆਂ ਦੇ ਨਤੀਜੇ ਪੰਜਾਬੀ ਯੂਨੀਵਰਸਿਟੀ ਵੱਲੋਂ ਦੇਰੀ ਨਾਲ ਐਲਾਨੇ ਜਾਣਗੇ, ਉਨ੍ਹਾਂ ਨੂੰ ਅਗਲੀ ਕਲਾਸ ਵਿੱਚ ਦਾਖਲਾ 10 ਕੰਮ-ਕਾਜੀ ਦਿਨਾਂ ਵਿੱਚ ਇਸ ਸ਼ਰਤ ਤੇ ਦੇ ਦਿੱਤਾ ਜਾਵੇ ਕਿ ਨਤੀਜਾ ਰੁਕਣ ਵਿੱਚ ਵਿਦਿਆਰਥੀ ਦਾ ਆਪਣਾ ਕੋਈ ਕਸੂਰ ਨਾ ਹੋਵੇ।

| | | | |
|---|---|---|---|
| (For UG Classes) ਸਮੈਸਟਰ-1 ਦੀ ਅਵਧੀ | 22.11.2024 | (For PG Classes) ਸਮੈਸਟਰ-1 ਦੀ ਅਵਧੀ | 22.11.2024 |
| ਸਮੈਸਟਰ-1 ਦੀਆਂ ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ | 27.11.2024 | ਸਮੈਸਟਰ-1 ਦੀਆਂ ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ | 27.11.2024 |
| ਸਮੈਸਟਰ-II ਦੀ ਅਵਧੀ | 30.04.2025 | ਸਮੈਸਟਰ-II ਦੀ ਅਵਧੀ | 30.04.2025 |
| ਸਮੈਸਟਰ-II ਦੀਆਂ ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ | 05.05.2025 | ਸਮੈਸਟਰ-II ਦੀਆਂ ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ | 05.05.2025 |

ਇਹ ਸਪੱਸ਼ਟ ਹੈ ਕਿ ਪੰਜਾਬ ਸਰਕਾਰ/ਉੱਚੇਰੀ ਸਿੱਖਿਆ ਵਿਭਾਗ ਵੱਲੋਂ ਦਾਖਲਿਆਂ ਸਬੰਧੀ ਸਮੇਂ-ਸਮੇਂ ਤੇ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਉਪਰੋਕਤ ਸ਼ਡਿਊਲ ਤੇ ਲਾਗੂ ਹੋਣਗੀਆਂ।

ਨੱਥੀ: ਦਾਖਲਿਆਂ ਸਬੰਧੀ ਜ਼ਰੂਰੀ ਨੁਕਤੇ/ਹਦਾਇਤਾਂ ਦਾ ਸ਼ਡਿਊਲ

ASingh 8/5/24

ਡੀਨ, ਕਾਲਜ ਵਿਕਾਸ ਕੌਂਸਲ

## ਫੀਸਾਂ ਸਬੰਧੀ ਵੇਰਵੇ

| ਕਲਾਸਾਂ | ਫੀਸ |
|---|---|
| 1) ਬੀ.ਏ.ਭਾਗ ਪਹਿਲਾ | 11448/- |
| ਬੀ.ਏ.ਭਾਗ ਪਹਿਲਾ (ਕੰਪਿਊਟਰ ਸਾਇੰਸ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਲਈ) | 13438/- |
| ਬੀ.ਏ.ਭਾਗ ਪਹਿਲਾ (ਸਰੀਰਕ ਸਿੱਖਿਆ ਲੈਣ ਵਾਲੇ ਵਿਦਿਆਰਥੀਆਂ ਲਈ) | 12120/- |
| 2) ਬੀ.ਕਾਮ ਭਾਗ ਪਹਿਲਾ | 11998/- |
| 3) ਬੀ.ਸੀ.ਏ. (ਭਾਗ ਪਹਿਲਾ) (ਲੜਕਿਆ ਲਈ) | 31164/- |
| ਬੀ.ਸੀ.ਏ. (ਭਾਗ ਪਹਿਲਾ) (ਲੜਕੀਆਂ ਲਈ) | 30789/- |
| 4) ਪੀ.ਜੀ.ਡੀ.ਸੀ.ਏ (ਲੜਕਿਆ ਲਈ) | 24670/- |
| ਪੀ.ਜੀ.ਡੀ.ਸੀ.ਏ (ਲੜਕੀਆਂ ਲਈ) | 24394/- |
| 5) ਐਮ.ਏ. (ਪੰਜਾਬੀ/ਰਾਜਨਿਤੀ ਸ਼ਾਸਤਰ) (ਭਾਗ ਪਹਿਲਾ) | 9889/- |

ਨੋਟ: ਸਾਇਕਲ ਫੀਸ 60/-, ਸਕੂਟਰ ਫੀਸ 250/- (ਜੇਕਰ ਲਾਗੂ ਹੋਵੇ)
ਮਾਈਗ੍ਰੇਸ਼ਨ ਫੀਸ 170/- ਸਮੇਤ (ਬਾਹਰਲੇ ਬੋਰਡਾਂ ਤੇ ਯੂਨੀਵਰਸਿਟੀਆਂ ਤੋਂ ਆਏ ਵਿਦਿਆਰਥੀਆਂ ਲਈ ਵੈਰੀਫਿਕੇਸ਼ਨ ਅਤੇ ਰਜਿਸਟ੍ਰੇਸ਼ਨ ਫੀਸ ਦੇਣੀ ਲਾਜ਼ਮੀ ਹੋਵੇਗੀ।

**ਉਪਰੋਕਤ ਫੀਸਾਂ ਵਿੱਚ ਯੂਨੀਵਰਸਿਟੀ ਵੱਲੋਂ ਜੇਕਰ ਕੋਈ ਬਦਲਾਅ ਹੁੰਦਾ ਹੈ ਤਾਂ ਉਹ ਲਾਗੂ ਹੋਵੇਗਾ।**